Excellence in Agri Info
KHETI DUNIYAN, PATIALA
Rs.10/-
# ਖੇਤੀ ਦੁਨੀਆਂ
ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
All Subject to Patiala Jurisdiction.
www.khetiduniyan.in
Editor : Jagpreet Singh • RNI/PUNPUN00806 • Issue Dated 03-05-2025 • Vol.43 No.18 • Ph. : 0175-2214575, 90410-14575 • Page : 16
E-mail : khetiduniyan1983@gmail.com

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ

### ਅਗਲੇ ਸਾਲ ਵਾਸਤੇ

## ਕਣਕ ਦੇ ਕਰਨਾਲ ਬੰਟ ਮੁਕਤ ਬੀਜ ਦੀ ਚੋਣ ਕਿੰਝ ਕਰੀਏ?

ਪੰਜਾਬ ਦੇ ਸਾਰੇ ਇਲਾਕਿਆਂ ਵਿੱਚ ਕਣਕ ਦੀ ਕਰਨਾਲ ਬੰਟ ਦੀ ਬਿਮਾਰੀ ਵੇਖਣ ਨੂੰ ਮਿਲਦੀ ਹੈ। ਨੀਮ ਪਹਾੜੀ ਅਤੇ ਦਰਿਆਵਾਂ ਦੇ ਨੇੜੇ ਲੱਗਦੇ ਇਲਾਕਿਆਂ ਵਿੱਚ ਇਸ ਦਾ ਹਮਲਾ ਜ਼ਿਆਦਾ ਪਾਇਆ ਜਾਂਦਾ ਹੈ। ਇਸ ਬਿਮਾਰੀ ਦਾ ਅਸਰ ਕਣਕ ਦੇ ਸਿੱਟੇ ਵਿੱਚ ਕੁਝ ਕੁ ਦਾਣਿਆਂ 'ਤੇ ਹੀ ਦਿਖਾਈ ਦਿੰਦਾ ਹੈ। ਬਿਮਾਰੀ ਨਾਲ ਪ੍ਰਭਾਵਿਤ ਦਾਣਿਆਂ ਨੂੰ ਹੱਥਾਂ ਨਾਲ ਮਸਲਿਆ ਜਾਵੇ ਤਾਂ ਉਨ੍ਹਾਂ ਵਿੱਚੋਂ ਕਾਲੇ ਰੰਗ ਦੀ ਉੱਲ੍ਹੀ ਦੇ ਕਣਕ ਬਾਹਰ ਨਿਕਲ ਆਉਂਦੇ ਹਨ, ਜਿਨ੍ਹਾਂ ਵਿੱਚੋਂ ਬਹੁਤ ਭੈੜੀ ਦੁਰਗੰਧ ਆਉਂਦੀ ਹੈ। ਕਰਨਾਲ ਬੰਟ ਦੀ ਲਾਗ ਹਵਾ ਵਿੱਚ ਰਲੇ ਬਿਮਾਰੀ ਦੇ ਕਣਾਂ ਰਾਹੀਂ ਉਸ ਸਮੇਂ ਲੱਗਦੀ ਹੈ, ਜਦੋਂ ਕਣਕ ਦੇ ਸਿੱਟੇ ਅਜੇ ਬਾਹਰ ਨਿਕਲਣੇ ਸ਼ੁਰੂ ਹੀ ਹੋਏ ਹੋਣ। ਉੱਲੀ ਦੇ ਜੀਵਾਣੂੰ ਖੇਤਾਂ ਵਿੱਚ 2-3 ਸਾਲ ਤੱਕ ਜਿਊਂਦੇ ਰਹਿੰਦੇ ਹਨ ਅਤੇ ਕਣਕ ਦੇ ਸਿੱਟੇ ਨਿਕਲਣ ਵੇਲੇ ਇਹ ਜੀਵਾਣੂੰ ਮਿੱਟੀ ਵਿੱਚੋਂ ਉੱਗ ਕੇ ਹਵਾ ਵਿੱਚ ਰਲ ਜਾਂਦੇ ਹਨ ਅਤੇ ਸਿੱਟਿਆਂ ਵਿੱਚ ਬਣ ਰਹੇ ਦਾਣਿਆਂ 'ਤੇ ਬਿਮਾਰੀ ਦੀ ਲਾਗ ਲਗਾ ਦਿੰਦੇ ਹਨ। ਬਿਮਾਰੀ ਨਾਲ ਪ੍ਰਭਾਵਿਤ ਫ਼ਸਲ ਤੋਂ ਰੱਖਿਆ ਬੀਜ ਅਗਲੇ ਸਾਲ ਫਿਰ ਕਰਨਾਲ ਬੰਟ ਨੂੰ ਫੈਲਾਉਣ ਦਾ ਕਾਰਨ ਬਣਦਾ ਹੈ। ਇਸ ਤਰ੍ਹਾਂ ਬਿਮਾਰੀ ਦਾ ਜੀਵਨ ਚੱਕਰ ਚੱਲਦਾ ਰਹਿੰਦਾ ਹੈ।



ਕਿਸਾਨ ਭਰਾਵੋ, ਇਹ ਸਮਾਂ ਕਣਕ ਦੇ ਬੀਜ ਨੂੰ ਪਰਖ ਕੇ ਅਗਲੇ ਸਾਲ ਦੀ ਬਿਜਾਈ ਵਾਸਤੇ ਸੰਭਾਲਣ ਲਈ ਬੜਾ ਢੁੱਕਵਾਂ ਹੈ। ਇਸ ਲਈ ਬੀਜ ਵਿੱਚ ਕਰਨਾਲ ਬੰਟ ਬਿਮਾਰੀ ਦੀ ਪਰਖ ਕਰਨਾ ਬਹੁਤ ਜ਼ਰੂਰੀ ਹੈ, ਤਾਂ ਜੋ ਤੁਹਾਨੂੰ ਸਮੇਂ ਸਿਰ ਪਤਾ ਲੱਗ ਸਕੇ ਕਿ ਤੁਹਾਡਾ ਬੀਜ ਕਰਨਾਲ ਬੰਟ ਬਿਮਾਰੀ ਤੋਂ ਮੁਕਤ ਹੈ ਜਾਂ ਨਹੀਂ। ਬੀਜ ਦੀ ਪਰਖ ਕਰਨ ਲਈ ਦੋ ਮੁੱਠਾਂ ਕਣਕ ਦੇ ਦਾਣਿਆਂ ਨੂੰ ਪਾਣੀ ਵਿੱਚ ਭਿਉਂ ਕੇ ਚਿੱਟੇ ਕਾਗਜ਼ ਉੱਤੇ ਖਿਲਾਰ ਲਵੋ। ਇਸ ਬੀਜ ਵਿੱਚ ਕਰਨਾਲ ਬੰਟ ਨਾਲ ਪ੍ਰਭਾਵਿਤ 4-5 ਦਾਣੇ ਦਿਖਾਈ ਦੇਣ ਤਾਂ ਅਜਿਹਾ ਬੀਜ ਤੁਹਾਨੂੰ ਅਗਲੇ ਸਾਲ ਕਣਕ ਦੀ ਬਿਜਾਈ ਵਾਸਤੇ ਨਹੀਂ ਵਰਤਣਾ ਚਾਹੀਦਾ। ਅਗਲੇ ਸਾਲ ਲਈ ਤੁਹਾਨੂੰ ਕਣਕ ਦਾ ਕਰਨਾਲ ਬੰਟ ਮੁਕਤ ਨਵਾਂ ਬੀਜ ਖਰੀਦਣ ਦੀ ਜ਼ਰੂਰਤ ਪਵੇਗੀ। ਪਰ ਜੇਕਰ ਪਰਖ ਦੌਰਾਨ ਤੁਹਾਡਾ ਬੀਜ ਕਰਨਾਲ ਬੰਟ ਤੋਂ ਮੁਕਤ ਪਾਇਆ ਜਾਵੇ ਤਾਂ ਇਸ ਬੀਜ ਨੂੰ ਅਗਲੇ ਸਾਲ ਲਈ ਸੰਭਾਲ ਕੇ ਰੱਖ ਲੈਣਾ ਚਾਹੀਦਾ ਹੈ।

**ਅਮਰਜੀਤ ਸਿੰਘ ਅਤੇ ਪਰਮਿੰਦਰ ਸਿੰਘ, ਪੌਦਾ ਰੋਗ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 94637-47280)**



ਲੁਧਿਆਣਾ ਦੀ ਅਨਾਜ ਮੰਡੀ ਵਿੱਚ ਮੀਂਹ ਕਾਰਨ ਗਿੱਲੀ ਕਣਕ ਚੁੱਕਦੇ ਹੋਏ ਕਾਮੇ।

## ਪੰਜਾਬ ਵਿੱਚ ਮੀਂਹ ਕਾਰਨ ਮੰਡੀਆਂ ਵਿੱਚ ਕਣਕ ਭਿੱਜੀ

ਪਿਛਲੇ ਦਿਨੀਂ ਪੰਜਾਬ ਅਤੇ ਹਰਿਆਣਾ ਦੇ ਕਈ ਹਿੱਸਿਆਂ ਵਿੱਚ ਰਾਤ ਭਰ ਤੇਜ਼ ਹਵਾਵਾਂ ਦੇ ਨਾਲ ਮੀਂਹ ਪੈਣ ਕਾਰਨ ਕਿਸਾਨਾਂ ਨੂੰ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਜਾਣਕਾਰੀ ਅਨੁਸਾਰ ਲੁਧਿਆਣਾ, ਪਟਿਆਲਾ, ਮਾਨਸਾ ਸਮੇਤ ਕਈ ਥਾਈਂ ਦਾਣਾ ਮੰਡੀਆਂ ਵਿੱਚ ਪਈ ਕਿਸਾਨਾਂ ਦੀ ਕਣਕ ਭਿੱਜ ਗਈ, ਜਿਸ ਕਾਰਨ ਮੰਡੀਆਂ ਵਿੱਚ ਤੁਲਾਈ ਦੇ ਨਾਲ-ਨਾਲ ਲਦਾਈ ਦਾ ਕਾਰਜ ਵੀ ਠੱਪ ਹੋ ਕੇ ਰਹਿ ਗਿਆ। ਦੂਜੇ ਪਾਸੇ ਖੇਤਾਂ ਵਿੱਚ ਕਣਕ ਦਾ ਨਾੜ ਗਿੱਲਾ ਹੋ ਗਿਆ ਜਿਸ ਕਾਰਨ ਤੂੜੀ ਬਣਾਉਣ ਦਾ ਕੰਮ ਬੰਦ ਹੋ ਗਿਆ ਹੈ। ਕੁਝ ਥਾਵਾਂ 'ਤੇ ਕਿਸਾਨਾਂ ਨੇ ਆਪਣੀਆਂ ਪੱਲੀਆਂ ਨਾਲ ਕਣਕ ਨੂੰ ਮੀਂਹ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ, ਪਰ ਝੱਖੜ ਨੇ ਪੱਲੀਆਂ ਉਡਾ ਦਿੱਤੀਆਂ। ਖੇਤੀ ਮਾਹਿਰਾਂ ਦਾ ਮੰਨਣਾ ਹੈ ਕਿ ਜੇ ਪੰਜਾਬ ਵਿੱਚ ਅਜਿਹਾ ਮੌਸਮ ਜਾਰੀ ਰਹਿੰਦਾ ਹੈ ਤਾਂ ਮੰਡੀਆਂ ਵਿੱਚ ਪਈ ਕਣਕ ਦੀ ਖਰੀਦ ਦਾ ਕਾਰਜ ਹੋਰ ਲਮਕ ਜਾਣ ਦਾ ਖਦਸ਼ਾ ਹੈ।








## ਕਣਕ ਦੇ ਨਾੜ ਨੂੰ ਅੱਗ ਲਗਾਉਣ ਦੇ ਨੁਕਸਾਨ

- ਜ਼ਮੀਨ ਦੀ ਉਪਜਾਊ ਸ਼ਕਤੀ ਘੱਟਦੀ ਹੈ।
- ਬਹੁਤ ਸਾਰੀਆਂ ਪ੍ਰਜਾਤੀਆਂ ਦੇ ਮਿੱਤਰ ਕੀੜੇ ਮਰ ਜਾਂਦੇ ਹਨ।
- ਫਸਲਾਂ ਨੂੰ ਵੱਧ ਬਿਮਾਰੀਆਂ ਲੱਗਦੀਆਂ ਹਨ ਜਿਸਨੂੰ ਕਾਬੂ ਕਰਨ ਲਈ ਜ਼ਿਆਦਾ ਜ਼ਹਿਰਾਂ ਦਾ ਛਿੜਕਾਅ ਕਰਨਾ ਪੈਂਦਾ ਹੈ। ਇਹ ਜ਼ਹਿਰਾਂ ਵਾਤਾਵਰਨ ਨੂੰ ਹੋਰ ਵੀ ਵਧੇਰੇ ਪਲੀਤ ਕਰਦੀਆਂ ਹਨ।
- ਵਾਤਾਵਰਨ ਵਿੱਚ ਫੈਲਦਾ ਜ਼ਹਿਰੀਲਾ ਧੂੰਆਂ ਅੱਖਾਂ ਅਤੇ ਫੇਫੜਿਆਂ ਦੀਆਂ ਗੰਭੀਰ ਬਿਮਾਰੀਆਂ ਕਾਰਨ ਬਣਦਾ ਹੈ।

# ਧਰਤੀ ਹੇਠਲੇ ਪਾਣੀ ਦੀ ਸੰਭਾਲ ਜ਼ਰੂਰੀ – ਡਾ. ਖੁਸ਼



**ਉਨ੍ਹਾਂ ਵੱਲੋਂ ਕੀਤੇ ਮਹਾਨ ਕਾਰਜ ਨੂੰ ਮੁੱਖ ਰੱਖਦਿਆਂ ਹੋਇਆਂ ਸੰਸਾਰ ਦਾ ਕੋਈ ਵੀ ਅਜੇਹਾ ਇਨਾਮ ਸਨਮਾਨ ਨਹੀਂ ਹੈ ਜਿਹੜਾ ਕਿਸੇ ਖੇਤੀ ਵਿਗਿਆਨੀ ਨੂੰ ਮਿਲ ਸਕਦਾ ਹੋਵੇ ਉਹ ਡਾ. ਖੁਸ਼ ਨੂੰ ਨਾ ਮਿਲਿਆ ਹੋਵੇ । ਸੰਸਾਰ ਦੀਆਂ ਬਹੁਤ ਸਾਰੀਆਂ ਯੂਨੀਵਰਸਿਟੀਜ਼ ਵੱਲੋਂ ਉਨ੍ਹਾਂ ਨੂੰ ਆਨਰੇਰੀ ਡਾਕਟਰੇਟ ਦੀ ਡਿਗਰੀ ਪ੍ਰਦਾਨ ਕੀਤੀ ਗਈ ਹੈ । ਉਨ੍ਹਾਂ ਨੂੰ ਅਮਰੀਕਾ, ਜਪਾਨ, ਇੰਗਲੈਂਡ, ਇਜ਼ਰਾਈਲ, ਚੀਨ, ਫਿਲੀਪੀਨ, ਈਰਾਨ, ਭਾਰਤ, ਪਾਕਿਸਤਾਨ ਆਦਿ ਬਹੁਤ ਸਾਰੇ ਦੇਸ਼ਾਂ ਨੇ ਆਪਣੇ ਉੱਚ ਸਨਮਾਨਾਂ ਨਾਲ ਉਨ੍ਹਾਂ ਦਾ ਸਨਮਾਨ ਕੀਤਾ ਹੈ ।**

ਡਾ ਗੁਰਦੇਵ ਸਿੰਘ ਖੁਸ਼ ਜਿਹੜੇ ਸੰਸਾਰ ਦੇ ਪ੍ਰਮੁੱਖ ਝੋਨਾ ਵਿਗਿਆਨੀ ਹਨ ਨੇ 33 ਸਾਲ ਫਿਲਪੀਨਜ਼ ਸਥਿਤ ਅੰਤਰਰਾਸ਼ਟਰੀ ਝੋਨਾ ਖੋਜ ਸੰਸਥਾ (ਇਰੀ) ਵਿਚ ਝੋਨਾ ਖੋਜ ਦੀ ਅਗਵਾਈ ਕੀਤੀ । ਡਾ. ਖੁਸ਼ ਹੋਰਾਂ ਵਲੋਂ ਵਿਕਸਤ ਕੀਤੀਆਂ ਵੱਧ ਝਾੜ ਦੇਣ ਅਤੇ ਬਿਮਾਰੀਆਂ ਦਾ ਟਾਕਰਾ ਕਰਨ ਵਾਲੀਆਂ ਝੋਨੇ ਦੀਆਂ ਕਿਸਮਾਂ ਸਦਕਾ ਸੰਸਾਰ ਵਿਚ ਚੋਲਾਂ ਦੀ ਉਪਜ ਦੁੱਗਣੀ ਹੋ ਗਈ ਹੈ ਜਿਸ ਵਿਚ ਕਰੋੜਾਂ ਲੋਕਾਂ ਨੂੰ ਭੁੱਖਮਰੀ ਤੋਂ ਬਚਾਇਆ ਜਾ ਸਕਿਆ ਹੈ । ਸੰਸਾਰ ਦੀ ਅੱਧੀਉਂ ਵੱਧ ਵਸੋਂ ਦੀ ਮੁੱਖ ਖੁਰਾਕ ਹੋਣ ਕਾਰਨ ਚੋਲਾਂ ਨੂੰ ਜੀਵਨ, ਦੌਲਤ ਅਤੇ ਉਤਪਤੀ ਦਾ ਚਿੰਨ ਮੰਨਿਆਂ ਜਾਂਦਾ ਹੈ ।

ਡਾ. ਖੁਸ਼ ਨੇ 1967 ਵਿਚ ਝੋਨਾ ਖੋਜ ਸੰਸਥਾ ਵਿਚ ਬਤੌਰ ਪਲਾਂਟ ਬਰੀਡਰ ਨੌਕਰੀ ਸ਼ੁਰੂ ਕੀਤੀ ਅਤੇ 1972 ਵਿਚ ਆਪਣੇ ਵਿਭਾਗ ਤੇ ਮੁੱਖੀ ਬਣ ਗਏ । ਇਸ ਸੰਸਥਾ ਵਲੋਂ ਉਨ੍ਹਾਂ ਨੂੰ 1986 ਵਿਚ ਪ੍ਰਮੁੱਖ ਵਿਗਿਆਨੀ ਬਣਾ ਦਿੱਤਾ ਗਿਆ । ਜਦੋਂ ਤੋਂ ਡਾ. ਖੁਸ਼ ਇਸ ਸੰਸਥਾ ਵਿਚ ਆਏ ਉਨ੍ਹਾਂ ਝੋਨੇ ਦੀਆਂ ਅਜਿਹੀਆਂ ਕਿਸਮਾਂ ਵਿਕਸਤ ਕਰਨ ਦੇ ਪ੍ਰੋਗਰਾਮ ਦੀ ਅਗਵਾਈ ਕੀਤੀ ਜਿਨ੍ਹਾਂ ਦਾ ਝਾੜ ਵੱਧ, ਪੱਕਣ ਸਮਾਂ ਘੱਟ, ਚੋਲ ਵਧੀਆ ਅਤੇ ਉਨ੍ਹਾਂ ਵਿਚ ਕੀੜੇ ਤੇ ਬਿਮਾਰੀਆਂ ਦਾ ਟਾਕਰਾ ਕਰਨ ਦੀ ਸਮਰੱਥਾ ਹੋਵੇ । ਹੁਣ ਤੀਕ ਡਾ. ਖੁਸ਼ ਵਲੋਂ ਕੀਤੇ ਕੰਮ ਉਤਿ ਆਧਾਰਿਤ 300 ਤੋਂ ਵੀ ਵੱਧ ਨਵੀਆਂ ਕਿਸਮਾਂ ਵੱਖੋ-ਵੱਖਰੇ ਦੇਸ਼ਾਂ ਵਿਚ ਕਾਸ਼ਤ ਲਈ ਕਿਸਾਨਾਂ ਨੂੰ ਦਿੱਤੀਆਂ ਜਾ ਚੁੱਕੀਆਂ ਹਨ ।

ਜਦੋਂ ਵੀ ਤੁਸੀਂ ਸੰਸਾਰ ਦੇ ਕਿਸੇ ਵੀ ਹਿੱਸੇ ਵਿਚ ਝੋਨੇ ਦੇ ਕਿਸੇ ਖੇਤ ਕੋਲੋਂ ਲੰਘਦੇ ਹੋ ਤਾਂ ਤੁਸੀਂ ਡਾ. ਖੁਸ਼ ਦੀ ਵਿਕਸਤ ਕੀਤੀ ਹੋਈ ਕਿਸਮ ਨੂੰ ਹੀ ਵੇਖਦੇ ਹੋ । ਇਹ ਠੀਕ ਹੀ ਆਖਿਆ ਗਿਆ ਹੈ ਕਿ ਏਸ਼ੀਆ ਵਿਚ ਕਰੋੜਾਂ ਲੋਕ ਭੁੱਖ ਮਰੀ ਨਾਲ ਮਰ ਜਾਂਦੇ ਜੇਕਰ ਝੋਨੇ ਦੀ ਪੈਦਾਵਾਰ ਦੁੱਗਣੀ ਨਾ ਹੋ ਗਈ ਹੁੰਦੀ । ਏਸ਼ੀਆਂ ਵਿਚ ਜਿਹੜਾ ਵਿਕਾਸ ਵੇਖਣ ਨੂੰ ਮਿਲ ਰਿਹਾ ਹੈ ਸ਼ਾਇਦ ਇਹ ਕਦੇ ਵੀ ਨਾ ਹੁੰਦਾ ਜੇਕਰ ਇਹ ਦੇਸ਼ ਅਨਾਜ ਵਿਚ ਆਤਮ ਨਿਰਭਰ ਹੋ ਕੇ ਭੁੱਖਮਰੀ ਤੋਂ ਬੇਫਿਕਰ ਨਾ ਹੋ ਗਏ ਹੁੰਦੇ ।

ਗੁਰਦੇਵ ਸਿੰਘ ਖੁਸ਼ ਪੰਜਾਬ ਦੇ ਇਕ ਨਿੱਕੇ ਜਿਹੇ ਪਿੰਡ ਰੁੜਕੀ (ਜ਼ਿਲ੍ਹਾ ਜਲੰਧਰ) ਦੇ ਰਹਿਣ ਵਾਲੇ ਹਨ । ਮਾਪਿਆਂ ਦੀ ਪਹਿਲੀ ਸੰਤਾਨ ਹੋਣ ਕਰਕੇ ਰਵਾਇਤੀ ਅਨੁਸਾਰ ਉਨ੍ਹਾਂ ਦਾ ਜਨਮ ਆਪਣੇ ਨਾਨਕੇ ਪਿੰਡ ਖਟਕੜਕਲਾਂ (ਜ਼ਿਲ੍ਹਾ ਜਲੰਧਰ) ਜਿਹੜਾ ਸ਼ਹੀਦ ਭਗਤ ਸਿੰਘ ਹੋਰਾਂ ਦਾ ਜੱਦੀ ਪਿੰਡ ਹੈ, ਵਿਖੇ 22 ਅਗਸਤ 1935 ਨੂੰ



ਹੋਇਆ । ਉਨ੍ਹਾਂ ਦੇ ਪਿਤਾ ਸ. ਕਰਤਾਰ ਸਿੰਘ ਕੂਨਰ ਪਿੰਡ ਵਿਚੋਂ ਪਹਿਲੇ ਵਿਅਕਤੀ ਸਨ ਜਿਨ੍ਹਾਂ ਦਸਵੀਂ ਪਾਸ ਕੀਤੀ । ਉਨ੍ਹਾਂ ਦੀ ਖਾਹਿਸ਼ ਸੀ ਕਿ ਬੱਚੇ ਉਚੇਰੀ ਵਿਦਿਆ ਪ੍ਰਾਪਤ ਕਰਨ । ਡਾ. ਗੁਰਦੇਵ ਸਿੰਘ ਵਿਚ ਨੂੰ ਪੜ੍ਹਾਈ ਦੀ ਲਗਣ ਲਗਾਉਣ ਵਾਲੇ ਉਨ੍ਹਾਂ ਦੇ ਪਿਤਾ ਜੀ ਹੀ ਸਨ । ਡਾ. ਖੁਸ਼ ਨੇ ਆਮ ਵੀ ਵੇਖਿਆ ਸੀ ਕਿ ਪੜ੍ਹੇ ਲਿਖੇ ਹੋਣ ਕਰਕੇ ਪਿੰਡ ਵਿਚ ਉਨ੍ਹਾਂ ਦੇ ਪਿਤਾ ਜੀ ਦਾ ਬਹੁਤ ਮਾਣ ਤੇ ਸਤਿਕਾਰ ਸੀ । ਬਾਲ ਗੁਰਦੇਵ ਨੇ ਮਿਹਨਤ ਨਾਲ ਪੜ੍ਹਾਈ ਕੀਤੀ ਤਾਂ ਜੋ ਉਹ ਵੱਡੇ ਹੋ ਕੇ ਸਮਾਜ ਦੇ ਭਲੇ ਲਈ ਕੁਝ ਕਰ ਸਕਣ । ਉਨ੍ਹਾਂ ਦੇ ਆਪਣੇ ਪਿੰਡ ਹਾਈ ਸਕੂਲ ਨਹੀਂ ਸੀ । ਉਹ ਰੋਜ਼ ਕਈ ਮੀਲ ਪੈਦਲ ਤੁਰ ਕੇ ਖਾਲਸਾ ਹਾਈ ਸਕੂਲ ਬੰਡਾਲਾ ਵਿਖੇ ਪੜ੍ਹਨ ਜਾਂਦੇ ਸਨ ਜਿਥੋਂ ਕਿ ਉਨ੍ਹਾਂ ਦਸਵੀਂ ਪਾਸ ਕੀਤੀ । ਆਪਣੀ ਮਿਹਨਤ ਅਤੇ ਲਗਨ ਸਦਕਾ ਉਹ ਆਪਣੇ ਸਕੂਲ ਵਿਚ ਪਹਿਲੇ ਨੰਬਰ ਉਤਿ ਰਹੇ । ਗੁਰਦੇਵ ਡਾਕਟਰ ਬਣਨਾ ਚਾਹੁੰਦਾ ਸੀ ਪਰ ਉਨ੍ਹਾਂ ਦੇ ਪਿਤਾ ਜੀ ਚਾਹੁੰਦੇ ਸਨ ਕਿ ਉਹ ਖੇਤੀਬਾੜੀ ਕਾਲਿਜ ਵਿਚ ਦਾਖਲ ਹੋਵੇ ਤਾਂ ਜੋ ਕਿਸਾਨਾਂ ਦੇ ਭਲੇ ਲਈ ਕੰਮ ਕਰ ਸਕੇ, ਜਿਨ੍ਹਾਂ ਦੀ ਗਰੀਬੀ ਅਤੇ ਸਖਤ ਮਿਹਨਤ ਨੂੰ ਉਹ ਨਿਤ ਵੇਖਦੇ ਸਨ । ਆਪਣੇ ਪਿਤਾ ਜੀ ਦੀ ਖਾਹਿਸ਼ ਅਨੁਸਾਰ ਦਸਵੀਂ ਪਿਛੋਂ ਗੁਰਦੇਵ ਲੁਧਿਆਣੇ ਸਥਿਤ ਸਰਕਾਰੀ ਖੇਤੀਬਾੜੀ ਕਾਲਜ ਵਿਚ ਦਾਖਲ ਹੋ ਗਿਆ । ਕਾਲਿਜ ਵਿਚ ਵੀ ਪੂਰੀ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕੀਤੀ ਅਤੇ ਹਮੇਸ਼ਾ ਪਹਿਲੇ ਤਿੰਨ ਵਿਦਿਆਰਥੀਆਂ ਵਿਚ ਰਿਹਾ । ਕਾਲਜ ਵਿੱਚੋਂ ਉਨ੍ਹਾਂ ਬੀ. ਐਸ. ਸੀ. (ਐਗਰੀ.) ਦੀ ਡਿਗਰੀ 1955 ਵਿਚ ਪ੍ਰਾਪਤ ਕੀਤੀ ਅਤੇ ਉਨ੍ਹਾਂ ਦਾ ਮੁੱਖ ਵਿਸ਼ਾ ਪਲਾਂਟ ਬਰੀਡਿੰਗ ਸੀ । ਉਨ੍ਹਾਂ ਨੂੰ ਇਸ ਕਾਲਜ ਦੇ ਸਰਵਪੱਖੀ ਵਧੀਆ ਵਿਦਿਆਰਥੀ ਹੋਣ ਦਾ ਸਨਮਾਨ ਪ੍ਰਾਪਤ ਹੋਇਆ । ਉਨ੍ਹਾਂ ਨੂੰ ਜੀਵਨ ਵਿਚ ਖੇਤੀ ਦੀ ਪੜ੍ਹਾਈ ਕਰਨ ਦਾ ਕਦੇ ਅਫਸੋਸ ਨਹੀਂ ਹੋਇਆ, ਕਿਉਕਿ ਜਿਹੜੀਆਂ ਬੁਲੰਦੀਆਂ ਉਨ੍ਹਾਂ ਨੇ ਬਤੌਰ ਖੇਤੀ ਵਿਗਿਆਨੀ ਛੋਹੀਆਂ ਹਨ ਸ਼ਾਇਦ ਡਾਕਟਰ ਬਣ ਕੇ ਅਜਿਹਾ ਨਾ ਹੋ ਸਕਦਾ । ਸਾਰੇ ਹੁਸ਼ਿਆਰ ਵਿਦਿਆਰਥੀਆਂ ਦੀ ਇਹੋ ਲੋਚਾ ਰਹਿੰਦੀ ਸੀ ਕਿ ਅਮਰੀਕਾ ਵਿਚ ਜਾ ਕੇ ਉਚੇਰੀ ਪੜ੍ਹਾਈ ਕੀਤੀ ਜਾਵੇ । ਉਨ੍ਹਾਂ ਵਾਂਗ ਹੀ ਗੁਰਦੇਵ ਸਿੰਘ ਹੋਰੀਂ ਵੀ ਇਹੋ ਚਾਹੁੰਦੇ ਸਨ ਕਿ ਅਮਰੀਕਾ ਦੀ ਕਿਸੇ ਪ੍ਰਸਿੱਧ ਯੂਨੀਵਰਸਿਟੀ ਵਿਚ ਉਚੇਰੀ ਪੜ੍ਹਾਈ ਕੀਤੀ ਜਾਵੇ । ਪਰ ਉਨ੍ਹਾਂ ਕੋਲ ਅਮਰੀਕਾ ਜਾਣ ਲਈ ਪੈਸੇ ਨਹੀਂ ਸਨ ।

ਖੁਸ਼ਕਿਸਮਤੀ ਨਾਲ ਉਨ੍ਹਾਂ ਦਿਨਾਂ ਵਿਚ ਇੰਗਲੈਂਡ ਨੇ ਆਪਣੇ ਦਰਵਾਜ਼ੇ ਭਾਰਤੀਆਂ ਲਈ ਖੋਲ੍ਹੇ ਸਨ, ਕਿਉਕਿ, ਉਥੇ ਮਜ਼ਦੂਰਾਂ ਦੀ ਘਾਟ ਹੋ ਗਈ ਸੀ । ਇਸ ਮੌਕੇ ਦਾ ਲਾਭ ਉਠਾਂਦਿਆਂ ਹੋਇਆ ਗੁਰਦੇਵ ਹੋਰਾਂ ਵੀ ਇੰਗਲੈਂਡ ਜਾਣ ਦਾ ਫੈਸਲਾ ਕੀਤਾ । ਭਾਵੇਂ ਉਨ੍ਹਾਂ ਦੇ ਪਿਤਾ ਜੀ ਪਿੰਡ ਵਿਚ ਚੰਗੇ ਖਾਂਦੇ ਪੀਂਦੇ ਮੰਨੇ ਜਾਂਦੇ ਸਨ ਪਰ ਉਨ੍ਹਾਂ ਕੋਲ ਵੀ ਇਤਨੇ ਪੈਸੇ ਨਹੀਂ ਸਨ ਕਿ ਉਹ ਆਪਣੇ ਪੁੱਤਰ ਦੀ ਇੰਗਲੈਂਡ ਲਈ ਟਿਕਟ ਖਰੀਦ ਸਕਦੇ । ਗੁਰਦੇਵ ਹੋਰਾਂ ਦਾ ਵਿਦੇਸ਼ ਜਾਣ ਦਾ ਦ੍ਰਿੜ ਇਰਾਦਾ ਸੀ । ਉਨ੍ਹਾਂ ਨੇ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ



ਡਾ. ਰਣਜੀਤ ਸਿੰਘ

ਤੋਂ ਪੈਸੇ ਉਧਾਰ ਲਏ ਅਤੇ ਇੰਗਲੈਂਡ ਪੁੱਜ ਗਏ । ਉਨ੍ਹਾਂ ਦਾ ਅਸਲ ਨਿਸ਼ਾਨਾਂ ਤਾਂ ਅਮਰੀਕਾ ਪੁੱਜਣਾ ਹੀ ਸੀ । ਇਸ ਕਰਕੇ ਉਨ੍ਹਾਂ ਨੇ ਡੇਢ ਸਾਲ ਇੰਗਲੈਂਡ ਰੱਜ ਕੇ ਮਿਹਨਤ ਕੀਤੀ ਜਿਸ ਨਾਲ ਉਹ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਦਾ ਕਰਜ਼ਾ ਹੀ ਨਾ ਮੋੜ ਸਕੇ, ਸਗੋਂ ਅਮਰੀਕਾ ਦੀ ਟਿਕਟ ਖਰੀਦਣ ਜੋਗੇ ਪੈਸੇ ਵੀ ਜੋੜ ਲਏ ਅਤੇ ਉਚੇਰੀ ਪੜ੍ਹਾਈ ਲਈ ਅਮਰੀਕਾ ਪੁੱਜ ਗਏ ।

ਉਨ੍ਹਾਂ ਜੂਨ 1957 ਵਿਚ ਕੈਲੀਫੋਰਨੀਆ ਯੂਨੀਵਰਸਿਟੀ ਡੇਵਿਸ ਪੁਜ ਐਮ. ਐਸ. ਸੀ. ਜੈਨੇਟਿਕਸ ਵਿੱਚ ਦਾਖਲਾ ਲੈ ਲਿਆ । ਪਹਿਲੇ ਦੋ ਸਮੈਸਟਰਾਂ ਵਿਚ ਵਧੀਆ ਨੰਬਰ ਆਉਣ ਕਰਕੇ ਉਨ੍ਹਾਂ ਦੇ ਪ੍ਰੋਫੈਸਰ ਨੇ ਐਮ. ਐਸ. ਸੀ. ਕੀਤੇ ਬਗੈਰ ਸਿੱਧੇ ਹੀ ਪੀ. ਐੱਚ. ਡੀ. ਕਰਨ ਦੀ ਆਗਿਆ ਦੇ ਦਿੱਤੀ । ਇੰਝ ਉਨ੍ਹਾਂ ਨੇ 1960 ਵਿਚ ਜੈਨੇਟਿਕਸ ਵਿਸ਼ੇ ਵਿਚ ਪੀ. ਐੱਚ. ਡੀ. ਤਿੰਨ ਸਾਲ ਤੋਂ ਵੀ ਘੱਟ ਸਮੇਂ ਦੌਰਾਨ ਪ੍ਰਾਪਤ ਕਰ ਲਈ । ਉਸ ਸਮੇਂ ਉਨ੍ਹਾਂ ਦੀ ਉਮਰ ਮਸਾਂ 25 ਕੁ ਸਾਲ ਦੀ ਸੀ । ਪੜ੍ਹਾਈ ਪਿਛੋਂ ਉਨ੍ਹਾਂ ਨੂੰ ਉਸੇ ਯੂਨੀਵਰਸਿਟੀ ਵਿਚ ਨੌਕਰੀ ਮਿਲ ਗਈ ਜਿਸ ਉਤਿ ਉਨ੍ਹਾਂ ਨੇ 1967 ਤੀਕ ਕੰਮ ਕੀਤਾ ।

ਡਾ. ਖੁਸ਼ ਆਪਣੇ ਕਿੱਤੇ ਅਤੇ ਪਰਿਵਾਰਿਕ ਜੀਵਨ ਵਿਚ ਬਹੁਤ ਹੀ ਸਫਲ ਇਨਸਾਨ ਹਨ । ਆਪਣੀਆਂ ਪ੍ਰਾਪਤੀਆਂ ਅਤੇ ਸਫਲਤਾਵਾਂ ਦਾ ਕਾਰਨ ਉਹ ਸਹੀ ਕਿੱਤਾ, ਸਹੀ ਸਮੇਂ ਉੱਤਿ ਅਤੇ ਸਹੀ ਥਾਂ ਮਿਲਣ ਨੂੰ ਸਮਝਦੇ ਹਨ । ਚੁੱਪ ਚੁਪੀਤਾ, ਸਾਦ ਮੁਰਾਦਾ ਅਤੇ ਚਿਹਰੇ ਉਤਿ ਹਮੇਸ਼ਾ ਮੁਸਕਾਨ ਬਿਖੇਰੀ ਰੱਖਣ ਵਾਲੇ ਇਸ ਇਨਸਾਨ ਨੇ ਹਰ ਰੋਜ਼ ਘੱਟੋ ਘੱਟ 12 ਘੰਟੇ ਕੰਮ ਕੀਤਾ ਹੈ । ਉਹ ਆਖਦੇ ਹਨ ਕਿ ਇਨਸਾਨ ਕੋਲ ਸਮੇਂ ਦੀ ਘਾਟ ਹੈ ਜਦੋਂ ਕਿ ਉਸ ਦੇ ਦਿਮਾਗ ਦੀ ਥਾਹ ਅੱਥਾਹ ਹੈ । ਆਪਣੀ ਅੱਥਾਹ ਦਿਮਾਗੀ ਸ਼ਕਤੀ ਦੀ ਪੂਰੀ ਵਰਤੋਂ ਕਰਨ ਲਈ ਜ਼ਰੂਰੀ ਹੈ ਕਿ ਸਮੇਂ ਦਾ ਠੀਕ ਅਤੇ ਵੱਧ ਤੋਂ ਵਧ ਪ੍ਰਯੋਗ ਕੀਤਾ ਜਾਵੇ । ਜਿਹੜੇ ਇਨਸਾਨ ਆਪਣੀ ਮਦਦ ਆਪ ਕਰਦੇ ਹਨ, ਪ੍ਰਮਾਤਮਾ ਵੀ ਹਮੇਸ਼ਾ ਉਨ੍ਹਾਂ ਦੀ ਮਦਦ ਕਰਦਾ ਹੈ । ਮਿਹਨਤੀ, ਨੇਕ ਤੇ ਸੱਚੇ ਇਨਸਾਨ ਦੀ ਸਾਰੀ ਦੁਨੀਆਂ ਉਸਤਤ ਕਰਦੀ ਹੈ ਅਤੇ ਪ੍ਰਮਾਤਮਾ ਉਨ੍ਹਾਂ ਉੱਤਿ ਆਪਣੀ ਮਿਹਰ ਕਰਦਾ ਹੈ । ਇਸੇ ਮਿਹਰ ਸਦਕਾ ਡਾ. ਖੁਸ਼ ਨੇ ਆਪਣੀ ਸਾਰੀ ਨੌਕਰੀ ਦੌਰਾਨ ਕਦੇ ਵੀ ਬਿਮਾਰੀ ਦੀ ਕੋਈ ਛੁੱਟੀ ਨਹੀਂ ਲਈ । ਆਪਣੇ ਧਾਰਮਿਕ ਅਕੀਦੇ ਉੱਤਿ ਚੱਲਣ ਵਾਲਾ ਇਹ ਇਨਸਾਨ ਹਮੇਸ਼ਾ 'ਚੜ੍ਹਦੀ ਕਲਾ ਵਿਚ ਰਹਿੰਦਿਆਂ 'ਸਰਬੱਤ ਦੇ ਭਲੇ' ਲਈ ਯਤਨਸ਼ੀਲ ਰਹਿੰਦਾ ਹੈ । ਆਪਣੀ ਸੇਵਾ ਮੁਕਤੀ ਪਿਛੋਂ ਵੀ ਉਹ ਕੈਲੇਫੋਰਨੀਆਂ ਯੂਨੀਵਰਸਿਟੀ ਨਾਲ ਜੁੜੇ ਹੋਏ ਹਨ ।

ਪ੍ਰਸਿੱਧੀ ਦੀਆਂ ਬੁਲੰਦੀਆਂ ਉੱਤਿ ਪੁੱਜ ਕੇ ਵੀ ਡਾ. ਖੁਸ਼ ਆਪਣੀ ਧਰਤੀ ਅਤੇ ਮਿੱਟੀ ਨਾਲ ਜੁੜੇ ਹੋਏ ਹਨ । ਉਨ੍ਹਾਂ ਨੂੰ ਮਿਲੇ ਇਨਾਮੀ ਪੈਸਿਆਂ ਨਾਲ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿਖੇ ਖੁਸ਼ ਫਾਊਂਡੇਸ਼ਨ ਬਣਾਈ ਹੈ । ਜਿਹੜੀ ਯੂਨੀਵਰਸਿਟੀ ਵਿਖੇ ਪੜ੍ਹਦੇ ਪੇਂਡੂ ਬੱਚਿਆਂ ਦੀ ਮਾਇਕ ਸਹਾਇਤਾ ਕਰਦੀ ਹੈ । ਨੌਜਵਾਨ ਵਿਗਿਆਨੀਆਂ ਨੂੰ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਜਾਣ ਲਈ ਦੀ ਮਾਇਕ ਸਹਾਇਤਾ ਦਿੱਤੀ ਜਾਂਦੀ ਹੈ । ਆਪਣੇ ਸਹਿਯੋਗੀ ਸਵਰਗਵਾਸੀ ਦਰਸ਼ਨ ਸਿੰਘ ਬਰਾੜ ਦੇ ਨਾਮ ਉੱਤਿ ਤਿੰਨ ਲੱਖ ਦਾ ਖੋਜ ਲਈ ਵਿਗਿਆਨੀਆਂ ਨੂੰ ਇਨਾਮ ਦਿੱਤਾ ਜਾਂਦਾ ਹੈ ।

ਉਨ੍ਹਾਂ ਵੱਲੋਂ ਕੀਤੇ ਮਹਾਨ ਕਾਰਜ ਨੂੰ ਮੁੱਖ ਰੱਖਦਿਆਂ ਹੋਇਆਂ ਸੰਸਾਰ ਦਾ ਕੋਈ ਵੀ ਅਜੇਹਾ ਇਨਾਮ ਸਨਮਾਨ ਨਹੀਂ ਹੈ ਜਿਹੜਾ ਕਿਸੇ ਖੇਤੀ ਵਿਗਿਆਨੀ ਨੂੰ ਮਿਲ ਸਕਦਾ ਹੋਵੇ ਉਹ ਡਾ. ਖੁਸ਼ ਨੂੰ ਨਾ ਮਿਲਿਆ ਹੋਵੇ । ਸੰਸਾਰ ਦੀਆਂ ਬਹੁਤ ਸਾਰੀਆਂ ਯੂਨੀਵਰਸਿਟੀਜ਼ ਵੱਲੋਂ ਉਨ੍ਹਾਂ ਨੂੰ ਆਨਰੇਰੀ ਡਾਕਟਰੇਟ ਦੀ ਡਿਗਰੀ ਪ੍ਰਦਾਨ ਕੀਤੀ ਗਈ ਹੈ । ਉਨ੍ਹਾਂ ਨੂੰ ਅਮਰੀਕਾ, ਜਪਾਨ, ਇੰਗਲੈਂਡ, ਇਜ਼ਰਾਈਲ, ਚੀਨ, ਫਿਲੀਪੀਨ, ਈਰਾਨ, ਭਾਰਤ, ਪਾਕਿਸਤਾਨ ਆਦਿ ਬਹੁਤ ਸਾਰੇ ਦੇਸ਼ਾਂ ਨੇ ਆਪਣੇ ਉੱਚ ਸਨਮਾਨਾਂ ਨਾਲ ਉਨ੍ਹਾਂ ਦਾ ਸਨਮਾਨ ਕੀਤਾ ਹੈ । ਭਾਰਤ ਸਰਕਾਰ ਵੱਲੋਂ ਉਨ੍ਹਾਂ ਨੂੰ ਪਦਮਸ੍ਰੀ ਨਾਲ ਸਨਮਾਨਿਆ ਗਿਆ ਹੈ । ਭੋਜਨ ਦੇ ਖੇਤਰ ਦਾ ਸਭ ਤੋਂ ਵੱਡਾ ਇਨਾਮ ਵਰਡ ਫੂਡ ਪ੍ਰਾਈਜ਼ ਉਨ੍ਹਾਂ ਨੂੰ ਪ੍ਰਾਪਤ ਹੋਇਆ ਹੈ । ਪੰਜਾਬ ਐਗਰੀਚਲਚਰਲ ਯੂਨੀਵਰਸਿਟੀ ਨੇ ਉਨ੍ਹਾਂ ਦੇ ਨਾਮ ਉੱਤਿ ਇਕ ਆਧੁਨਿਕ ਖੋਜ ਕੇਂਦਰ ਉਸਾਰਿਆ ਹੈ ਜਿਸ ਵਿਚ ਖੁਸ਼ ਅਜਾਇਬ ਘਰ ਵੀ ਬਣਾਇਆ ਗਿਆ ਹੈ । ਪੀ ਏ ਯੂ ਅਤੇ ਪੰਜਾਬ ਯੂਨੀਵਰਸਿਟੀ ਨੇ ਵੀ ਆਨਰੇਰੀ ਡਾਇਰੈਕਟੋਰੇਟ ਦੀ ਡਿਗਰੀ ਦਿੱਤੀ ਹੈ । ਆਪਣੇ ਇਸ ਪੰਜਾਬੀ ਸਪੂਤ ਉੱਤਿ ਸਾਨੂੰ ਸਾਰਿਆਂ ਨੂੰ ਮਾਣ ਹੈ ।

ਉਹ ਹਰ ਸਾਲ ਮਾਰਚ ਮਹੀਨੇ ਭਾਰਤ ਆਉਂਦੇ ਹਨ ਉਦੋਂ ਹੀ ਖੁਸ਼ ਫਾਊਂਡੇਸ਼ਨ ਦਾ ਵਾਰਸ਼ਿਕ ਸਮਾਗਮ ਹੁੰਦਾ ਹੈ। ਮੈਨੂੰ ਉਨ੍ਹਾਂ ਨੂੰ ਫਿਲੀਪੀਨ ਜਾ ਕੇ ਨੇੜਿਉਂ ਵੇਖਣ ਦਾ ਮੌਕਾ ਮਿਲਿਆ ਹੈ । ਹੁਣ ਉਹ ਜਦੋਂ ਆਏ ਤਾਂ ਉਨ੍ਹਾਂ ਨਾਲ ਪੰਜਾਬ ਦੀ ਖੇਤੀ ਬਾਰੇ ਗੱਲਬਾਤ ਕਰਨ ਦਾ ਮੌਕਾ ਮਿਲਿਆ । ਪੰਜਾਬ ਦੀ ਖੇਤੀ ਵਿਚ ਆਈ ਖੜੋਤ, ਕਿਸਾਨਾਂ ਦੀ ਘਟ ਰਹੀ ਆਮਦਨ ਅਤੇ ਧਰਤੀ ਹੇਠ ਘੱਟ ਰਹੇ ਪਾਣੀ ਲਈ ਉਹ ਬਹੁਤ ਚਿੰਤਿਤ ਹਨ । ਉਨ੍ਹਾਂ ਦਾ ਮੰਨਣਾ ਹੈ ਕਿ ਪੰਜਾਬ ਦੀ ਆਰਥਿਕਤਾ ਦਾ ਧੁਰਾ ਖੇਤੀ ਹੈ ਇਸ ਕਰਕੇ ਸਰਕਾਰ ਨੂੰ ਖੇਤੀ ਦੇ ਵਿਕਾਸ ਵਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ । ਪਾਣੀ ਦੀ ਬਚਤ ਲਈ ਦਾਲਾਂ, ਤੇਲ ਬੀਜ, ਬਾਸਮਤੀ, ਬਾਜਰਾ ਤੇ ਦੂਜੇ ਮੋਟੇ ਅਨਾਜਾਂ ਦੀ ਖੇਤੀ ਨੂੰ ਉਤਸਾਹਿਤ ਕਰਨਾ ਚਾਹੀਦਾ ਹੈ । ਸਾਡੀ ਖੇਤੀ ਖੋਜ ਨੂੰ ਵੀ ਇਨ੍ਹਾਂ ਫਸਲਾਂ ਦੀਆਂ ਵੱਧ ਝਾੜ ਦੇਣ ਵਾਲੀਆਂ ਅਤੇ ਬਿਮਾਰੀਆਂ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ ਨੂੰ ਵਿਕਸਤ ਕਰਨ ਵਲ ਵਧੇਰੇ ਧਿਆਨ ਦੇਣਾ ਚਾਹੀਦਾ ਹੈ । ਕਣਕ-ਝੋਨੇ ਦੇ ਫਸਲੀ ਚੱਕਰ ਵਿੱਚੋਂ ਕੁਝ ਰਕਬਾ ਦੂਜੀਆਂ ਫਸਲਾਂ ਅਤੇ ਸਬਜ਼ੀਆਂ ਦੀ ਕਾਸ਼ਤ ਵਲ ਮੋੜਨ ਦੀ ਲੋੜ ਹੈ । ਰਾਜ ਸਰਕਾਰ ਜੇਕਰ ਚਾਹੇ ਤਾਂ ਅਜੇਹਾ ਕਰ ਸਕਦੀ ਹੈ । ਜੀਵਨ ਦੇ ਨੌ ਦਹਾਕੇ ਪੂਰੇ ਕਰਨ ਵਾਲਾ ਇਹ ਵਿਗਿਆਨੀ ਹੁਣ ਵੀ ਪੰਜਾਬ ਅਤੇ ਖੇਤੀ ਵਿਕਾਸ ਲਈ ਯਤਨਸ਼ੀਲ ਹੈ ।



# ਝੋਨਾ ਲਾਉਣ ਵਾਲੀ ਮਸ਼ੀਨ ਦਾ ਵੱਧ ਰਿਹੈ ਰੁਝਾਨ

**ਮਸ਼ੀਨ ਨਾਲ ਝੋਨਾ ਲਗਾਉਣ ਨਾਲ ਪ੍ਰਤੀ ਏਕੜ 3 ਕੁਇੰਟਲ ਝਾੜ ਵੱਧ ਜਾਂਦਾ ਹੈ ਤੇ ਇੱਕ ਇੱਕ ਝੋਨਾ ਲਗਾਉਣ ਲਈ ਮਸ਼ੀਨ 3/4 ਲੀਟਰ ਪੈਟਰੋਲ ਦੀ ਖਪਤ ਕਰਦੀ ਹੈ...**

ਬ੍ਰਿਜ ਭਾਨ ਬੁਜਰਕ,
ਮੋ. 98761-01698

ਪੰਜਾਬ ਵਿੱਚ ਝੋਨੇ ਦੀ ਲਵਾਈ ਤਿੰਨ ਪੜਾਵਾਂ ਵਿੱਚ ਹੋਵੇਗੀ। ਇੱਕ ਜੂਨ ਤੋਂ ਫਰੀਦਕੋਟ, ਮੁਕਤਸਰ, ਫਾਜ਼ਿਲਕਾ, ਬਠਿੰਡਾ ਅਤੇ ਫਿਰੋਜ਼ਪੁਰ, ਪੰਜ ਜੂਨ ਤੋਂ ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਤਰਨਤਾਰਨ, ਰੂਪ ਨਗਰ, ਐਸ. ਏ. ਐਸ. ਨਗਰ (ਮੋਹਾਲੀ), ਫਤਿਹਗੜ੍ਹ ਸਾਹਿਬ ਅਤੇ ਹੁਸ਼ਿਆਰਪੁਰ, 9 ਜੂਨ ਨੂੰ ਲੁਧਿਆਣਾ, ਮਲੇਰਕੋਟਲਾ, ਮਾਨਸਾ, ਮੋਗਾ, ਪਟਿਆਲਾ, ਸੰਗਰੂਰ, ਬਰਨਾਲਾ, ਜਲੰਧਰ, ਨਵਾਂਸ਼ਹਿਰ, ਕਪੂਰਥਲਾ ਜ਼ਿਲ੍ਹੇ ਵਿੱਚ ਝੋਨੇ ਦੀ ਲਵਾਈ ਸ਼ੁਰੂ ਹੋਵੇਗੀ ਅਤੇ ਇਨ੍ਹਾਂ ਥਾਂਵਾਂ 'ਤੇ 8 ਘੰਟੇ ਨਿਰਵਿਘਨ ਬਿਜਲੀ ਸਪਲਾਈ ਦੇਣ ਦਾ ਪੰਜਾਬ ਸਰਕਾਰ ਵੱਲੋਂ ਐਲਾਨ ਕੀਤਾ ਗਿਆ ਹੈ। ਦੂਸਰੇ ਪਾਸੇ ਪੰਜਾਬ ਅੰਦਰ ਖੇਤੀ ਦੇ ਖੇਤਰ ਵਿੱਚ ਮਜ਼ਦੂਰਾਂ ਦੀ ਘਾਟ ਮਹਿਸੂਸ ਹੋਣੀ, ਆਮ ਜਿਹੀ ਗੱਲ ਹੋ ਗਈ ਹੈ, ਕਿਉਂਕਿ ਕਿਸਾਨਾਂ ਦੇ ਆਪਣੇ ਬੱਚੇ ਜਾਂ ਤਾਂ ਵਿਦੇਸ਼ ਚੱਲੇ ਗਏ ਹਨ ਜਾਂ ਫਿਰ ਖੇਤੀ ਦਾ ਧੰਦਾ ਖੁਦ ਨਹੀਂ ਕਰਨਾ ਚਾਹੁੰਦੇ। ਕੁਝ ਕੁ ਕਿਸਾਨ ਹਨ, ਜਿਨ੍ਹਾਂ ਦੇ ਬੱਚੇ ਖੇਤੀ ਦਾ ਧੰਦਾ ਕਰਦੇ ਹਨ। ਉਹ ਆਰਥਿਕ ਪੱਖੋਂ ਵੀ ਪੂਰੀ ਤਰ੍ਹਾਂ ਖੁਸ਼ਹਾਲ ਹਨ।

**ਖੇਤਾਂ ਵਿੱਚ ਕੰਮ**

ਕਈ ਕਿਸਾਨਾਂ ਦੇ ਬੱਚੇ ਕਿਸੇ ਦੂਸਰੀ ਜਗ੍ਹਾ ਜਾ ਕੇ ਦਿਹਾੜੀ ਕਰਨ ਦੀ ਬਜਾਏ ਆਪਣੇ ਖੇਤਾਂ ਵਿੱਚ ਕੰਮ ਕਰਦੇ ਹਨ। ਗੱਲ ਚਾਹੇ ਦੇਸ਼ ਦੀ ਹੋਵੇ ਜਾਂ ਵਿਦੇਸ਼ ਦੀ,



ਆਪਣਾ ਕੰਮ ਅਤੇ ਦੂਸਰੇ ਦੇ ਦਿਹਾੜੀ ਕਰਨ ਵਿੱਚ ਜ਼ਮੀਨ ਆਸਮਾਨ ਦਾ ਫ਼ਰਕ ਹੁੰਦਾ ਹੈ। 90 ਤੋਂ ਮਗਰਲੇ ਸਾਲਾਂ ਦੌਰਾਨ ਬੱਚੇ ਤੋਂ ਲੈ ਕੇ ਬਜ਼ੁਰਗ ਤੱਕ ਘਰ ਅਤੇ ਖੇਤਾਂ ਵਿੱਚ ਕੰਮ ਕਰਦੇ ਸਨ। ਬੱਚੇ ਅਤੇ ਬਜ਼ੁਰਗ ਖੇਤ/ਬੰਨ੍ਹੇ ਮੱਝਾਂ ਚਰਾ ਕੇ ਲਿਆਉਂਦੇ ਸਨ, ਤਾਂ ਬਾਕੀ ਦਾ ਪਰਿਵਾਰ ਰੋਟੀ ਟੁੱਕ ਤੋਂ ਲੈ ਕੇ ਕਪਾਹ/ਨਰਮੇ ਦੀ ਚੁਗਾਈ, ਮਿਰਚਾਂ ਦੀ ਤੁੜਾਈ ਅਤੇ ਮੌਸਮ ਦੇ ਅਨੁਸਾਰ ਖੇਤ ਦਾ ਹਰ ਕੰਮ ਕਰਦਾ ਸੀ। ਜਿਸ ਕਰਕੇ ਖੇਤੀ ਲਾਹੇਵੰਦ ਧੰਦਾ ਸੀ। ਪਰ ਹੁਣ ਖੇਤੀ ਦੇ ਹਰ ਖੇਤਰ ਵਿੱਚ ਮਸ਼ੀਨਾਂ ਦਾ ਬੋਲਬਾਲਾ ਹੋ ਗਿਆ ਹੈ। ਮੂੰਗਫਲੀ ਬੀਜਣਾ, ਮੂੰਗੀ ਬੀਜਣਾ, ਕਮਾਦ ਬੀਜਣਾ, ਝੋਨਾ ਲਗਾਉਣਾ, ਲੱਸਣ ਬੀਜਣ ਆਦਿ ਤੋਂ ਲੈ ਕੇ ਹਰ ਫ਼ਸਲ ਲਈ ਮਸ਼ੀਨਰੀ ਦੀ ਵਰਤੋਂ ਹੋਣ ਲੱਗ ਪਈ ਹੈ।

**ਮਜ਼ਦੂਰਾਂ ਦੀ ਘਾਟ**

ਪੰਜਾਬ ਵਿੱਚ ਝੋਨੇ ਦੀ ਲਵਾਈ ਸ਼ੁਰੂ ਹੋਣ ਜਾ ਰਹੀ ਹੈ। ਪਰ ਮਜ਼ਦੂਰਾਂ ਦੀ ਘਾਟ ਹਰ ਸਾਲ ਰੜਕਦੀ ਰਹਿੰਦੀ ਹੈ। ਪੇਂਡੂ ਖੇਤਰਾਂ ਵਿੱਚ ਤਾਂ ਮਜ਼ਦੂਰ ਭਾਲਿਆਂ ਵੀ ਨਹੀਂ ਲੱਭਦਾ। ਕਿਉਂਕਿ ਨਵੇਂ ਮੁੰਡਿਆਂ ਲਈ ਸ਼ਹਿਰੀਕਰਨ ਵਿੱਚ ਮਕੈਨੀਕਲ ਕੰਮਾਂ ਦੀ ਕੋਈ ਘਾਟ ਨਹੀਂ ਹੈ। ਜਿਸ ਕਰਕੇ ਹੁਣ ਝੋਨਾ ਲਗਾਉਣ ਵਾਲੀ ਮਸ਼ੀਨ ਦੀ ਵਰਤੋਂ ਦਾ ਰੁਝਾਨ ਵਧਦਾ ਜਾ ਰਿਹਾ ਹੈ। ਭਾਵੇਂ ਹਰ ਸਾਲ ਝੋਨੇ ਦੀ ਸਿੱਧੀ ਬਿਜਾਈ ਵੀ ਕੀਤੀ ਜਾਂਦੀ ਜਾਂਦੀ ਹੈ। ਫਿਰ ਵੀ ਝੋਨਾ ਲਗਾਉਣਾ ਬਹੁਤ ਗਿਣਤੀ ਕਿਸਾਨਾਂ ਦੀ ਮਜ਼ਬੂਰੀ ਹੈ। 50 ਏਕੜ ਤੋਂ ਜ਼ਿਆਦਾ ਝੋਨਾ ਲਗਾਉਣ ਵਾਲੇ ਕਿਸਾਨਾਂ ਨੂੰ ਮਜ਼ਦੂਰਾਂ ਦੀ ਸਮੱਸਿਆ ਆ ਰਹੀ ਹੈ, ਜਿਸ ਕਰਕੇ ਉਨ੍ਹਾਂ ਲਈ ਝੋਨਾ ਲਗਾਉਣ ਵਾਲੀ ਮਸ਼ੀਨ ਲਾਹੇਵੰਦ ਸਾਬਿਤ ਹੋ ਸਕਦੀ ਹੈ। ਬੇਸ਼ੱਕ ਪੰਜਾਬ ਵਿੱਚ ਹੱਥੀਂ ਕੰਮ ਕਰਵਾਉਣ ਲਈ ਮਜ਼ਦੂਰਾਂ ਨੂੰ ਪਹਿਲ ਦੇਣੀ ਚਾਹੀਦੀ ਹੈ, ਪਰ ਮਜ਼ਦੂਰ ਬਹੁਤ ਘੱਟ ਮਿਲਦੇ ਹਨ। ਮਜ਼ਦੂਰਾਂ ਦੀ ਘਾਟ ਨੂੰ ਪੂਰਾ ਕਰਨ ਲਈ ਕਈ ਕਿਸਾਨ ਆਪਣੇ ਖੇਤਾਂ ਵਿੱਚ ਮਸ਼ੀਨ ਨਾਲ ਝੋਨਾ ਲਗਾਉਣ ਦੇ ਨਾਲ ਹੀ ਹੋਰ ਕਿਸਾਨਾਂ ਦੇ ਖੇਤਾਂ ਵਿੱਚ ਮਸ਼ੀਨਾਂ ਨਾਲ ਝੋਨਾ ਲਗਾਉਂਦੇ ਹਨ। ਜਾਂ ਫਿਰ ਇਵੇਂ ਕਹਿ ਲਈਏ ਕਿ ਝੋਨਾ ਲਾਉਣ ਲਈ ਮਸ਼ੀਨ ਨੂੰ ਸਹਾਇਕ ਧੰਦੇ ਵਜੋਂ ਵੀ ਵਰਤਿਆ ਜਾ ਸਕਦਾ ਹੈ।

**ਸਾਉਣੀ ਦੀ ਫ਼ਸਲ**

ਸਾਉਣੀ ਦੀ ਫ਼ਸਲ ਮੌਕੇ ਝੋਨਾ ਲਾਉਣ ਵਾਲੀ ਮਸ਼ੀਨ ਵੀ ਰੱਖੀ ਜਾ ਸਕਦੀ ਹੈ। ਪੰਜਾਬ ਵਿੱਚ ਇਹੋ ਜਿਹੇ ਕਿਸਾਨ ਵੀ ਮੌਜੂਦ ਹਨ, ਜਿਹੜੇ ਝੋਨਾ ਲਗਾਉਣ ਵਾਲੀ ਇੱਕ ਮਸ਼ੀਨ ਲੈ ਕੇ ਆਏ ਸੀ। ਉਸ ਨਾਲ ਝੋਨੇ ਦੀ ਲਵਾਈ ਕਰਕੇ ਕਮਾਏ ਹੋਏ ਪੈਸਿਆਂ ਨਾਲ ਇੱਕ ਹੋਰ ਮਸ਼ੀਨ ਲੈ ਆਏ। ਹੁਣ ਉਨ੍ਹਾਂ ਕੋਲ ਝੋਨਾ ਲਗਾਉਣ ਵਾਲੀਆਂ ਕਈ-ਕਈ ਮਸ਼ੀਨਾਂ ਹਨ ਅਤੇ ਇੱਕੋ ਵੇਲੇ ਕਿਸਾਨ ਦੇ ਖੇਤ ਵਿੱਚ 2-2 ਮਸ਼ੀਨਾਂ ਇਕੱਠੀਆਂ ਚੱਲਦੀਆਂ ਹਨ। ਇੱਕ ਦਿਨ ਵਿੱਚ ਇੱਕ ਮਸ਼ੀਨ ਤਕਰੀਬਨ 5 ਏਕੜ ਝੋਨਾ ਲਗਾ ਦਿੰਦੀ ਹੈ। ਝੋਨੇ ਵਾਲੀ ਮਸ਼ੀਨ ਦੇ ਮਾਲਕ ਆਪਣੀ ਪਨੀਰੀ ਸਮੇਤ ਪ੍ਰਤੀ ਏਕੜ ਦੇ ਤਕਰੀਬਨ 3500 ਰੁਪਏ ਲੈਂਦੇ ਹਨ। ਜੇਕਰ ਝੋਨਾ ਲਗਾਉਣ ਵਾਲੀਆਂ ਦੋ ਮਸ਼ੀਨਾਂ ਇਕੱਠੀਆਂ ਚੱਲਦੀਆਂ ਹੋਣ ਤਾਂ ਝੋਨੇ ਦਾ ਸੀਜ਼ਨ ਵਧੀਆ ਲੱਗਦਾ ਜਾਂਦਾ ਹੈ। ਮਸ਼ੀਨ ਨਾਲ ਝੋਨਾ ਲਗਾਉਣ ਨਾਲ ਪ੍ਰਤੀ ਏਕੜ 3 ਕੁਇੰਟਲ ਝਾੜ ਵੀ ਵੱਧ ਜਾਂਦਾ ਹੈ ਅਤੇ ਇੱਕ ਏਕੜ ਝੋਨਾ ਲਗਾਉਣ ਲਈ ਮਸ਼ੀਨ 3/4 ਲੀਟਰ ਪੈਟਰੋਲ ਦੀ ਖਪਤ ਕਰਦੀ ਹੈ, ਜਿਸ ਕਰਕੇ ਝੋਨਾ ਲਗਾਉਣ ਵਾਲੀ ਮਸ਼ੀਨ ਤੋਂ ਘੱਟ ਖਰਚਾ ਕਿਸੇ ਵੀ ਢੰਗ ਲਾਲ ਨਹੀਂ ਆਉਂਦਾ। ਮਸ਼ੀਨ ਵਾਲੀ ਪਨੀਰੀ ਦੀ ਬਿਜਾਈ ਕਰਨ 'ਤੇ ਮਿਹਨਤ ਥੋੜ੍ਹੀ ਜ਼ਿਆਦਾ ਕਰਨੀ ਪੈਂਦੀ ਹੈ। ਕਿਉਂਕਿ ਮਿੱਟੀ ਦੇ ਬੈਡ ਬਣਾ ਕੇ ਪਲਾਸਟਿਕ ਦੀ ਸੀਟ 'ਤੇ ਝੋਨੇ ਦੀ ਪਨੀਰੀ ਬੀਜਣੀ ਪੈਂਦੀ ਹੈ, ਜਿਸ ਕਰਕੇ ਪਨੀਰੀ ਬੀਜਣ 'ਤੇ ਮਿਹਨਤ ਜ਼ਿਆਦਾ ਹੈ। ਬੈਡਾਂ 'ਤੇ ਬੀਜੀ ਹੋਈ ਪਨੀਰੀ ਹੀ ਮਸ਼ੀਨ ਵਿੱਚ ਰੱਖ ਕੇ ਲਵਾਈ ਸ਼ੁਰੂ ਕੀਤੀ ਜਾਂਦੀ ਹੈ। ਕੁੱਲ ਮਿਲਾ ਕੇ ਮਜ਼ਦੂਰਾਂ ਦੀ ਘਾਟ ਨੂੰ ਪੂਰਾ ਕਰਨ ਲਈ ਝੋਨਾ ਲਾਉਣ ਵਾਲੀ ਮਸ਼ੀਨ ਦਾ ਰੁਝਾਨ ਵਧਦਾ ਜਾ ਰਿਹਾ ਹੈ ਅਤੇ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਲਵਾਈ ਨੂੰ 3 ਪੜਾਵਾਂ ਵਿੱਚ ਵੰਡਣ ਨਾਲ ਮਸ਼ੀਨਾਂ ਦੀ ਵਰਤੋਂ ਜ਼ਿਆਦਾ ਦਿਨ ਹੋਣ ਨਾਲ ਕਮਾਈ ਹੋਰ ਵੀ ਜ਼ਿਆਦਾ ਹੋ ਸਕਦੀ ਹੈ।

**ਮਸ਼ੀਨ 'ਤੇ ਦਿੰਦੀ ਹੈ ਸਰਕਾਰ ਸਬਸਿਡੀ**

ਇਹ ਮਸ਼ੀਨ ਕੰਬਾਈਨ, ਜ਼ੀਰੋ ਡਰਿੱਲ ਅਤੇ ਹੋਰ ਖੇਤੀ ਮਸ਼ੀਨਰੀ ਨਾਲੋਂ ਕਿਤੇ ਵਧੀਆ ਹੈ, ਕਿਉਂਕਿ 50 ਏਕੜ ਅਤੇ ਇਸ ਤੋਂ ਜ਼ਿਆਦਾ ਝੋਨਾ ਲਗਾਉਣ ਵਾਲਾ ਕਿਸਾਨ ਇਸ ਮਸ਼ੀਨ ਨੂੰ ਖਰੀਦ ਵੀ ਸਕਦਾ ਹੈ। ਖੇਤੀਬਾੜੀ ਵਿਭਾਗ ਵੱਲੋਂ ਇਸ ਮਸ਼ੀਨ 'ਤੇ ਸਬਸਿਡੀ ਵੀ ਦਿੱਤੀ ਜਾਂਦੀ ਹੈ। ਹੋਰਨਾਂ ਮਸ਼ੀਨਾਂ ਦੇ ਬਦਲੇ ਇਹ ਮਸ਼ੀਨ ਸਸਤੀ ਪੈਂਦੀ ਹੈ।



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 43 ਅੰਕ 18
ਮਿਤੀ 03-05-2025



ਐਡੀਟਰ

ਜਗਪ੍ਰੀਤ ਸਿੰਘ

ਮਾਰਕੀਟਿੰਗ ਦਫਤਰ

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

ਸੰਪਾਦਕੀ ਬੋਰਡ

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ

ਕੰਪੋਜ਼ਿੰਗ

ਏਕਤਾ ਕੰਪਿਊਟਰਜ਼, ਪਟਿਆਲਾ

ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Varginia Printers**,
Shere-e-Punjab Market, Gaushala Road, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


# ਸਬਜ਼ੀਆਂ ਦੇ ਲਾਹੇਵੰਦ ਮੰਡੀਕਰਨ ਲਈ ਨੁਕਤੇ

**ਅਮਰਜੀਤ ਸਿੰਘ ਸੰਧੂ ਅਤੇ ਨਵਨੀਤ ਕੌਰ, ਫਾਰਮ ਸਲਾਹਕਾਰ ਸੇਵਾ ਕੇਂਦਰ, ਬਠਿੰਡਾ (ਮੋ. 88722-00120)**

ਸਬਜ਼ੀਆਂ ਤੋਂ ਹੋਣ ਵਾਲਾ ਮੁਨਾਫਾ ਮੁੱਖ ਤੌਰ ਤੇ ਮੰਡੀਕਰਨ ਨਾਲ ਜੁੜਿਆ ਹੋਇਆ ਹੈ। ਇਸ ਲਈ ਸਬਜ਼ੀਆਂ ਤੋਂ ਹੋਣ ਵਾਲਾ ਸ਼ੁੱਧ ਮੁਨਾਫਾ ਮੰਡੀ ਵਿਚਾਲੇ ਮੌਕੇ ਦੇ ਰੇਟਾਂ ਦੇ ਨਿਰਭਰ ਕਰਦਾ ਹੈ। ਜੇਕਰ ਸਾਡੇ ਕਿਸਾਨ ਵੀਰਾਂ ਨੇ ਸਬਜ਼ੀਆਂ ਦੀ ਪੈਦਾਵਾਰ ਤੋਂ ਭਰਪੂਰ ਮੁਨਾਫਾ ਹਾਸਲ ਕਰਨਾ ਹੈ ਤਾਂ ਉਹਨਾਂ ਨੂੰ ਮੰਡੀਕਰਨ ਪ੍ਰਤੀ ਹਰ ਸਮੇਂ ਸੁਚੇਤ ਰਹਿਣ ਦੀ ਲੋੜ ਹੈ। ਸਬਜ਼ੀਆਂ ਦੇ ਲਾਹੇਵੰਦ ਮੰਡੀਕਰਨ ਸਬੰਧੀ ਕਿਸਾਨ ਵੀਰਾਂ ਲਈ ਹੇਠ ਲਿਖੇ ਸੁਝਾਅ ਦਿੱਤੇ ਜਾਂਦੇ ਹਨ।

**1. ਮੰਡੀਕਰਨ ਦੇ ਹਿਸਾਬ ਨਾਲ ਬਿਜਾਈ ਦੇ ਸਮੇਂ ਦੀ ਵਿਉਂਤਬੰਦੀ** : ਇਕ ਹੀ ਸਬਜ਼ੀ ਦਾ ਸਾਰਾ ਰਕਬਾ ਕਦੇ ਵੀ ਇਕੱਠਾ ਨਾ ਬੀਜੋ। ਬਹੁਤ ਸਾਰੀਆਂ ਸਬਜ਼ੀ ਜਿਵੇਂ ਕਿ ਭਿੰਡੀ, ਫੁੱਲ ਗੋਭੀ, ਮੂਲੀ, ਬੈਂਗਣ, ਪੱਤਿਆਂ ਵਾਲੀਆਂ ਸਬਜ਼ੀਆਂ ਆਦਿ ਦੀ ਕਾਸ਼ਤ ਸਮਾਂ ਕਾਫੀ ਲੰਮਾ ਹੈ। ਉਦਾਹਰਣ ਦੇ ਤੌਰ ਤੇ ਫੁੱਲ ਗੋਭੀ ਅਤੇ ਮੂਲੀ ਦੀ ਕਾਸ਼ਤ ਜੁਲਾਈ ਤੋਂ ਲੈ ਕੇ ਜਨਵਰੀ ਤੱਕ ਅਤੇ ਭਿੰਡੀ ਦੀ ਕਾਸ਼ਤ ਫਰਵਰੀ ਤੋਂ ਲੈ ਕੇ ਜੂਨ ਤੱਕ ਕੀਤੀ ਜਾ ਸਕਦੀ ਹੈ। ਇਸ ਲਈ ਇਹਨਾਂ ਫਸਲਾਂ ਦੀ ਬਿਜਾਈ ਰਕਬੇ ਅਨੁਸਾਰ ਥੋੜ੍ਹੇ-ਥੋੜ੍ਹੇ ਵਕਫੇ ਬਾਅਦ ਕਰਦੇ ਰਹੋ ਤਾਂ ਜੋ ਮੰਡੀ ਵਿੱਚੋਂ ਪੂਰਾ ਮੌਸਮ ਚੰਗਾ ਭਾਅ ਲਿਆ ਜਾ ਸਕੇ। ਕਈ ਕਿਸਾਨ ਵੀਰ ਸੀਜ਼ਨ ਵਿਚ ਇਕੋ ਵਾਰ ਸਾਰੇ ਰਕਬੇ ਦੀ ਬਿਜਾਈ ਕਰ ਦਿੰਦੇ ਹਨ ਅਤੇ ਫਸਲ ਦੇ ਮੰਡੀਕਰਨ ਸਮੇਂ ਮੰਡੀ ਵਿਚ ਰੇਟ ਢੁੱਕਵਾਂ ਨਹੀਂ ਹੁੰਦਾ ਤਾਂ ਇਹਨਾਂ ਹਾਲਾਤਾਂ ਵਿਚ ਕਿਸਾਨ ਵੀਰਾਂ ਨੂੰ ਨੁਕਸਾਨ ਉਠਾਉਣਾ ਪੈਂਦਾ ਹੈ ਅਤੇ ਕਈ ਵਾਰ ਫਸਲ ਦੀ ਬੇਕਦਰੀ ਵੀ ਹੁੰਦੀ ਹੈ। ਇਸ ਲਈ ਫਸਲ ਦਾ ਚੰਗਾ ਭਾਅ ਲੈਣ ਲਈ ਇਹਨਾਂ ਫਸਲਾਂ ਦੀ ਕਾਸ਼ਤ ਕਿਸ਼ਤਾਂ ਵਿਚ ਕਰੋ ਤਾਂ ਜੋ ਮੰਡੀ ਦੇ ਸਾਰੇ ਭਾਅ ਲਏ ਜਾ ਸਕਣ ਅਤੇ ਕੁੱਲ ਮੁਨਾਫੇ ਵਿਚ ਵਾਧਾ ਹੋ ਸਕੇ।

**2. ਆਲੇ-ਦੁਆਲੇ ਦੀਆਂ ਮੰਡੀਆਂ ਦਾ ਸਰਵੇਖਣ** : ਸਬਜ਼ੀਆਂ ਦਾ ਮੰਡੀਕਰਨ ਕਰਦੇ ਸਮੇਂ ਆਪਣੇ ਆਲੇ-ਦੁਆਲੇ ਦੀਆਂ ਮੰਡੀਆਂ ਦੇ ਰੇਟਾਂ ਦਾ ਪਤਾ ਕਰਦੇ ਰਹੋ। ਆਮ ਤੌਰ ਤੇ ਕਿਸੇ ਇਲਾਕੇ ਵਿਚ ਸਬਜ਼ੀਆਂ ਹੇਠ ਰਕਬਾ, ਸ਼ਹਿਰਾਂ ਦੀ ਜਨਸੰਖਿਆ, ਮਨੁੱਖੀ ਖੁਰਾਕ ਵਿਚ ਸਬਜ਼ੀਆਂ ਦੀ ਮਹੱਤਤਾ ਬਾਰੇ ਜਾਣਕਾਰੀ ਹੋਣਾ ਅਤੇ ਲੋਕਾਂ ਦਾ ਆਰਥਿਕ ਪੱਧਰ ਆਦਿ ਕਾਰਨ ਸਬਜ਼ੀਆਂ ਦੇ ਰੇਟਾਂ ਨੂੰ ਪ੍ਰਭਾਵਿਤ ਕਰਦੇ ਹਨ। ਇਸ ਲਈ ਕੋਸ਼ਿਸ਼ ਕਰੋ ਕਿ ਚੰਗੇ ਰੇਟਾਂ ਵਾਲੀਆਂ ਮੰਡੀਆਂ ਨੂੰ ਚੁਣਿਆ ਜਾਵੇ। ਮੰਡੀਕਰਨ ਦੇ ਦਿਨਾਂ ਵਿਚ ਅਖਬਾਰਾਂ, ਰਸਾਲਿਆਂ, ਰੇਡੀਓ, ਟੀ.ਵੀ. ਅਤੇ ਆਧੁਨਿਕ ਸੰਚਾਰ ਮਾਧਿਆਵਾਂ ਰਾਹੀਂ ਮੰਡੀਆਂ ਦੇ ਰੇਟਾਂ ਦੀ ਪੜਤਾਲ ਕਰਦੇ ਰਹੋ। ਕਈ ਵਾਰ ਕਿਸੇ ਮੰਡੀ ਦੇ ਨੇੜੇ ਕਿਸੇ ਖਾਸ ਸਬਜ਼ੀ ਦਾ; ਉਤਪਾਦਨ ਨਹੀਂ ਹੁੰਦਾ। ਇਹਨਾਂ ਹਾਲਾਤਾਂ ਵਿਚ ਅਲੱਗ-ਅਲੱਗ ਮੰਡੀ ਦੇ ਰੇਟਾਂ ਵਿਚ ਫਰਕ ਦੇਖਣ ਨੂੰ ਮਿਲਦਾ ਹੈ। ਇਸ ਤਰ੍ਹਾਂ ਦੇ ਹਾਲਾਤਾਂ ਵਿਚ ਸਾਡੇ ਕਿਸਾਨ ਮੰਡੀਆਂ ਬਦਲ ਕੇ ਆਪਣੇ ਮੁਨਾਫੇ ਵਿਚ ਵਾਧਾ ਕਰ ਸਕਦੇ ਹਨ। ਅੱਜ-ਕੱਲ ਵੱਖ-ਵੱਖ ਮੰਡੀਆਂ ਵਿਚ ਸਬਜ਼ੀਆਂ ਦੇ ਭਾਅ ਪਤਾ ਕਰਨ ਲਈ ਇੰਟਰਨੈੱਟ ਦੀ ਮੱਦਦ ਲਈ ਜਾ ਸਕਦੀ ਹੈ ਜਿੱਥੇ ਦੁਨੀਆਂ ਦੀਆਂ ਵੱਖ-ਵੱਖ ਮੰਡੀਆਂ ਵਿਚ ਸਬਜ਼ੀਆਂ ਦੇ ਭਾਅ ਪਤਾ ਕੀਤੇ ਜਾ ਸਕਦੇ ਹਨ।

**3. ਕਿਸਮਾਂ ਦੀ ਸਹੀ ਚੋਣ** : ਸਾਡੇ ਸਬਜ਼ੀ ਉਤਪਾਦਕਾਂ ਨੂੰ ਮੰਡੀ ਵਿਚ ਚੰਗਾ ਭਾਅ ਲੈਣ ਲਈ ਉਹਨਾਂ ਕਿਸਮਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ ਜਿਹੜੀਆਂ ਕਿ ਖਪਤਕਾਰਾਂ ਦੀ ਪਸੰਦ ਤੇ ਖਰੀਆਂ ਉੱਤਰਣ। ਅਲੱਗ-ਅਲੱਗ ਮੰਡੀਆਂ ਵਿੱਚ ਖਪਤਕਾਰਾਂ ਵੱਲੋਂ ਵੱਖਰੇ ਅਕਾਰ, ਬਣਤਰ ਅਤੇ ਰੰਗਾਂ ਦੀਆਂ ਸਬਜ਼ੀਆਂ ਨੂੰ ਤਰਜੀਹ ਦਿੱਤੀ ਜਾਂਦੀ ਹੈ। ਉਦਾਹਰਣ ਦੇ ਤੌਰ ਤੇ ਬੈਂਗਣ, ਮਿਰਚ, ਕਰੇਲਾ, ਸ਼ਿਮਲਾ ਮਿਰਚ, ਗਾਜਰ, ਬੰਦ ਗੋਭੀ, ਘੀਆ ਕੱਦੂ, ਹਲਵਾ ਕੱਦੂ ਆਦਿ ਇਸ ਪੱਖੋਂ ਪ੍ਰਮੁੱਖ ਹਨ। ਇਸ ਲਈ ਕਿਸਾਨ ਵੀਰਾਂ ਨੂੰ ਚਾਹੀਦਾ ਹੈ ਕਿ ਮੰਡੀਆਂ ਵਿਚ ਚੰਗਾ ਭਾਅ ਲੈਣ ਲਈ ਇਸ ਗੱਲ ਵੱਲ ਧਿਆਨ ਦਿੱਤਾ ਜਾਵੇ ਅਤੇ ਉਹਨਾਂ ਕਿਸਮਾਂ ਦੀ ਚੋਣ ਕੀਤੀ ਜਾਵੇ ਜੋ ਜ਼ਿਆਦਾ ਪੈਦਾਵਾਰ ਦੇਣ ਦੇ ਨਾਲ-ਨਾਲ ਮੰਡੀ ਵਿਚ ਚੰਗੇ ਭਾਅ ਵਿਕ ਸਕਣ। ਇਸ ਕੰਮ ਲਈ ਮੰਡੀ ਸਬਜ਼ੀ ਵੇਚਣ ਸਮੇਂ ਜ਼ਿਆਦਾ ਪਸੰਦ ਕੀਤੀ ਜਾਣ ਵਾਲੀ ਕਿਸਮ ਬਾਰੇ ਉਸ ਦੇ ਪੈਦਾ ਕਰਨ ਵਾਲੇ ਤੋਂ ਜਾਂ ਸੰਬੰਧਿਤ ਖੇਤੀ ਵਿਗਿਆਨੀ ਤੋਂ ਜਾਣਕਾਰੀ ਹਾਸਿਲ ਕਰੋ।



**4. ਸਾਰਾ ਸਾਲ ਮੰਡੀਕਰਨ ਕੀਤਾ ਜਾਵੇ** : ਜਿਹੜੇ ਕਿਸਾਨ ਵੀਰ ਆਪਣੀ ਸਾਰੀ ਜ਼ਮੀਨ ਵਿਚ ਸਬਜ਼ੀਆਂ ਦੀ ਕਾਸ਼ਤ ਕਰਦੇ ਹਨ ਉਹਨਾਂ ਨੂੰ ਚਾਹੀਦਾ ਹੈ ਕਿ ਸਬਜ਼ੀਆਂ ਦੀ ਬਿਜਾਈ ਉਸੇ ਹਿਸਾਬ ਨਾਲ ਕੀਤੀ ਜਾਵੇ ਤਾਂ ਜੋ ਸਾਰਾ ਸਾਲ ਇਹਨਾਂ ਨੂੰ ਮੰਡੀਆਂ ਵਿਚ ਵੇਖਿਆ ਜਾ ਸਕੇ। ਕਿਸੇ ਖਾਸ ਮੌਸਮ ਵਿਚ ਲਏ ਭਾਅ ਨਾਲੋਂ ਸਾਰਾ ਸਾਲ ਕੀਤਾ ਗਿਆ ਮੰਡੀਕਰਨ ਜ਼ਿਆਦਾ ਮੁਨਾਫੇ ਵਿਚ ਰਹਿੰਦਾ ਹੈ ਅਤੇ ਕਿਸਾਨ ਵੀਰਾਂ ਦੀ ਆਮਦਨੀ ਵੀ ਸਾਰਾ ਸਾਲ ਬਣੀ ਰਹਿੰਦੀ ਹੈ। ਛੋਟੇ ਕਿਸਾਨਾਂ ਲਈ ਇਹ ਵਿਧੀ ਹੋਰ ਵੀ ਫਾਇਦੇ ਵਾਲੀ ਹੈ ਕਿਉਂਕਿ ਛਿਮਾਹੀ ਪਿੱਛੋਂ ਆਉਣ ਵਾਲੀਆਂ ਰਵਾਇਤੀ ਫਸਲਾਂ ਨਾਲ ਉਹਨਾਂ ਦਾ ਗੁਜ਼ਾਰਾ ਹੋਣਾ ਮੁਸ਼ਕਲ ਹੈ। ਇਸ ਲਈ ਮੌਸਮ ਅਨੁਸਾਰ ਸਾਰਾ ਸਾਲ ਕਾਸ਼ਤ ਕਰਕੇ ਸਬਜ਼ੀਆਂ ਦਾ ਮੰਡੀਕਰਨ ਕਰੋ। ਸਬਜ਼ੀਆਂ ਦੀ ਬਿਜਾਈ ਇਸ ਹਿਸਾਬ ਨਾਲ ਕਰੋ ਤਾਂ ਕਿ ਘੱਟੋ-ਘੱਟ ਪੰਜਾਬ ਵਿਚ ਸਬਜ਼ੀਆਂ ਦੀ ਥੁੜ੍ਹ ਵਾਲੇ ਮਹੀਨਿਆਂ ਜਿਵੇਂ ਕਿ ਜੁਲਾਈ-ਅਗਸਤ ਆਦਿ ਵਿਚ ਮੰਡੀਆਂ ਵਿਚ ਸਬਜ਼ੀਆਂ ਜਰੂਰ ਭੇਜੀਆਂ ਜਾਣ।

**5. ਤੁੜਾਈ ਸਮੇਂ ਧਿਆਨ ਦੇਣ ਯੋਗ ਗੱਲਾਂ** :

**(ੳ) ਤੁੜਾਈ ਸਮੇਂ ਫਲਾਂ ਦਾ ਅਕਾਰ** : ਕੱਚੇ ਅਤੇ ਛੋਟੇ ਆਕਾਰ ਵਾਲੇ ਫਲਾਂ ਵਿਚ ਪਾਣੀ ਦੀ ਮਾਤਰਾ ਵਧੇਰੇ ਹੁੰਦੀ ਹੈ। ਇਸ ਲਈ ਜਦੋਂ ਸਬਜ਼ੀਆਂ ਦੀ ਛੋਟੇ ਆਕਾਰ ਦੇ ਫਲ ਤੋੜੇ ਜਾਣ ਤਾਂ ਇਹ ਜਲਦੀ ਮੁਰਝਾਉਣਾ ਸ਼ੁਰੂ ਕਰ ਦਿੰਦੇ ਹਨ ਅਤੇ ਮੰਡੀ ਵਿਚ ਪਹੁੰਚਾਣ ਤੱਕ ਇਹਨਾਂ ਦੀ ਦਿੱਖ ਖਰਾਬ ਹੋ ਜਾਂਦੀ ਹੈ ਜਿਸ ਕਰਕੇ ਮੰਡੀ ਵਿਚ ਘੱਟ ਮੁੱਲ ਲੱਗਦਾ ਹੈ। ਛੋਟੇ ਫਲਾਂ ਦੀ ਤੁੜਾਈ ਕਰਨ ਨਾਲ ਝਾੜ ਵੀ ਘੱਟ ਜਾਂਦਾ ਹੈ। ਜਿਸ ਨਾਲ ਮੁਨਾਫੇ ਤੇ ਸਿੱਧਾ ਅਸਰ ਪੈਂਦਾ ਹੈ। ਇਸ ਲਈ ਮੰਡੀ ਵਿਚ ਪੂਰਾ ਮੁੱਲ ਲੈਣ ਲਈ ਬਹੁਤ ਛੋਟੇ ਜਾਂ ਵੱਡੇ ਆਕਾਰ ਦੇ ਫਲ ਤੋੜਨ ਤੋਂ ਗੁਰੇਜ਼ ਕਰੋ।

**(ਅ) ਸਬਜ਼ੀਆਂ ਤੋੜਨ ਦਾ ਤਰੀਕਾ** : ਕੋਸ਼ਿਸ਼ ਕਰੋ ਕਿ ਸਬਜ਼ੀਆਂ ਦੀ ਤੁੜਾਈ ਸਮੇਂ ਮਾਹਿਰ ਕਾਮੇ ਲਗਾਏ ਜਾਣ। ਇਸ ਕੰਮ ਲਈ ਬੱਚਿਆਂ ਨੂੰ ਨਾ ਲਾਇਆ ਜਾਵੇ। ਤੁੜਾਈ ਸਮੇਂ ਵੇਲਾਂ ਅਤੇ ਪੌਦਿਆਂ ਨੂੰ ਬੇਲੋੜਾ ਨਾ ਖਿੱਚੋ। ਵੱਖਰੀਆਂ-ਵੱਖਰੀਆਂ ਸਬਜ਼ੀਆਂ ਦੀ ਲੋੜ ਮੁਤਾਬਕ ਉਸ ਦੇ ਫਲ ਨਾਲ ਡੰਡੀ ਅਤੇ ਪੱਤੇ ਆਦਿ ਛੱਡੋ। ਇਸ ਨਾਲ ਫਲ ਜਲਦੀ ਖਰਾਬ ਨਹੀਂ ਹੁੰਦੇ। ਤੁੜਾਈ ਕਰਦੇ ਸਮੇਂ ਅਤੇ ਬਾਅਦ ਵਿਚ ਫਲਾਂ ਨਾਲ ਬੇਲੋੜੀ ਛੇੜ-ਛਾੜ ਕਰਨ ਅਤੇ ਫਲਾਂ ਨੂੰ ਧੋਣ ਨਾਲ ਇਹਨਾਂ ਉੱਪਰ ਲੱਗੀ ਕੁਦਰਤੀ ਵੈਕਸ ਦੀ ਤਹਿ ਉੱਤਰ ਜਾਂਦੀ ਹੈ ਅਤੇ ਇਸ ਨਾਲ ਫਲ ਦੀ ਦਿੱਖ ਖਰਾਬ ਹੁੰਦੀ ਹੈ ਅਤੇ ਫਲ ਜਲਦੀ ਖਰਾਬ ਹੁੰਦੇ ਹਨ। ਇਸ ਕਰਕੇ ਸਹੀ ਤਰੀਕੇ ਨਾਲ ਤੋੜੇ ਫਲ ਅਤੇ ਉਹਨਾਂ ਦਾ ਕੁਦਰਤੀ ਰੂਪ ਤੁਹਾਨੂੰ ਮੰਡੀ ਵਿਚ ਵੱਧ ਮੁੱਲ ਦਿਵਾ ਸਕਦਾ ਹੈ। ਤੁੜਾਈ ਤੋਂ ਬਾਅਦ ਫਲਾਂ ਨੂੰ ਛਾਂ ਹੇਠ ਸਾਫ ਜਗ੍ਹਾ ਤੇ ਰੱਖੋ ਅਤੇ ਮਿੱਟੀ ਵਿਚ ਢੇਰ ਨਾ ਲਾਓ।

**(ੲ) ਤੁੜਾਈ ਦਾ ਸਮਾਂ** : ਸਬਜ਼ੀਆਂ ਦੀ ਤੁੜਾਈ ਦਾ ਸਮਾਂ ਮੁੱਖ ਤੌਰ ਤੇ ਮੌਸਮ ਉੱਪਰ ਨਿਰਭਰ ਕਰਦਾ ਹੈ। ਸਰਦੀਆਂ ਵਿਚ ਸਬਜ਼ੀਆਂ ਦੀ ਤੁੜਾਈ ਤ੍ਰੇਲ ਅਤੇ ਧੁੰਦ ਦੇ ਉੱਤਰਨ ਤੋਂ ਬਾਅਦ ਕਰਨੀ ਚਾਹੀਦੀ ਹੈ। ਗਰਮੀ ਦੇ ਮੌਸਮ ਦੌਰਾਨ ਕੋਸ਼ਿਸ਼ ਕਰੋ ਕਿ ਤੁੜਾਈ ਸ਼ਾਮ ਸਮੇਂ ਕੀਤੀ ਜਾਵੇ। ਜੇਕਰ ਕਿਸੇ ਕਾਰਨ ਕਰਕੇ ਤੁੜਾਈ ਦੁਪਹਿਰ ਸਮੇਂ ਕਰਨੀ ਪਵੇ ਤਾਂ ਸਬਜ਼ੀਆਂ ਨੂੰ ਪੈਕ ਕਰਨ ਤੋਂ ਪਹਿਲਾਂ ਛਾਂ ਹੇਠ ਰੱਖ ਕੇ ਠੰਢਾ ਜ਼ਰੂਰ ਕਰੋ।

**(ਸ) ਦਰਜਾਬੰਦੀ** : ਮੰਡੀਕਰਨ ਲਈ ਸਬਜ਼ੀਆਂ ਦੀ ਪੈਕਿੰਗ ਕਰਨ ਤੋਂ ਪਹਿਲਾਂ ਇਹਨਾਂ ਦੀ ਦਰਜਾਬੰਦੀ ਕਰਨੀ ਬਹੁਤ ਜਰੂਰੀ ਹੈ। ਮੰਡੀਆਂ ਵਿਚ ਪੂਰਾ ਮੁੱਲ ਲੈਣ ਲਈ ਵੱਖ-ਵੱਖ ਆਕਾਰ, ਬਣਤਰ ਅਤੇ ਰੰਗਾਂ ਦੇ ਮੁਤਾਬਕ ਫਲਾਂ ਨੂੰ ਵੱਖੋ-ਵੱਖਰੀਆਂ ਟੋਕਰੀਆਂ, ਕਰੇਟਾਂ, ਲਿਫਾਫਿਆਂ ਆਦਿ ਵਿਚ ਪੈਕ ਕਰੋ। ਇਸ ਤਰ੍ਹਾਂ ਕਰਨ ਨਾਲ ਤੁਸੀਂ ਮੰਡੀ ਵਿਚ ਪੂਰਾ ਮੁੱਲ ਲੈ ਸਕਦੇ ਹੋ ਜਦੋਂ ਕਿ ਵੱਡੇ-ਛੋਟੇ ਅਤੇ ਰੰਗ ਬਰੰਗੇ ਰਲੇ ਹੋਏ ਫਲਾਂ ਦਾ ਮੁੱਲ ਘੱਟ ਮਿਲਦਾ ਹੈ। ਕੱਟੇ ਵੱਢੇ, ਕੀੜਿਆਂ ਅਤੇ ਬਿਮਾਰੀਆਂ ਨਾਲ ਪ੍ਰਭਾਵਿਤ ਅਤੇ ਕਰੂਪ ਫਲਾਂ ਦੀ ਛਾਂਟੀ ਕਰਨ ਤੋਂ ਬਾਅਦ ਇਹਨਾਂ ਨੂੰ ਨਸ਼ਟ ਕਰ ਦੇਣਾ ਚਾਹੀਦਾ ਹੈ।

**6. ਪੈਕਿੰਗ** : ਸਾਡੇ ਸਬਜ਼ੀ ਉਤਪਾਦਕਾਂ ਨੂੰ ਮੰਡੀ ਵਿਚਾਲੇ ਗਾਹਕਾਂ ਦੀ ਲੋੜ ਅਤੇ ਪਸੰਦ ਮੁਤਾਬਕ ਦਾ ਸਾਜ਼ੋ-ਸਾਮਾਨ ਵਰਤਣਾ ਚਾਹੀਦਾ ਹੈ। ਪੈਕਿੰਗ ਇਸ ਹਿਸਾਬ ਨਾਲ ਕਰੋ ਕਿ ਸਬਜ਼ੀਆਂ ਇਕ ਦੂਜੇ ਨਾਲ ਰਗੜ ਕੇ ਖਰਾਬ ਨਾ ਹੋਣ। ਵੱਡੇ ਆਕਾਰ ਦੇ ਫਲਾਂ ਨੂੰ ਹੋ ਸਕੇ ਤਾਂ ਇਕੱਲੇ-ਇਕੱਲੇ ਕਾਗਜ਼ ਜਾਂ ਲਿਫਾਫੇ ਵਿਚ ਪਾ ਕੇ ਪੈਕ ਕਰੋ। ਅੱਜ ਦੇ ਆਧੁਨਿਕ ਯੁੱਗ ਵਿਚ ਸਬਜ਼ੀਆਂ ਦੇ ਮੰਡੀਕਰਨ ਵਿਚ ਬਹੁਤ ਵੱਡੀਆਂ-ਵੱਡੀਆਂ ਪ੍ਰਾਈਵੇਟ ਕੰਪਨੀਆਂ ਸ਼ਾਮਲ ਹੋ ਗਈਆਂ ਹਨ ਜੋ ਕੇਵਲ ਸਬਜ਼ੀਆਂ ਦੀ ਵਧੀਆ ਗਰੇਡਿੰਗ ਅਤੇ ਪੈਕਿੰਗ ਕਰਕੇ ਹੀ ਚੋਖਾ ਮੁਨਾਫਾ ਕਮਾ ਰਹੀਆਂ ਹਨ। ਇਸ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਪੈਦਾਵਾਰ ਦੇ ਨਾਲ-ਨਾਲ ਸੁਚੱਜਾ ਮੰਡੀਕਰਨ ਕਰਕੇ ਵੀ ਮੁਨਾਫਾ ਕਾਫੀ ਹੱਦ ਤੱਕ ਵਧਾਇਆ ਜਾ ਸਕਦਾ ਹੈ। ਇਸ ਲਈ ਸਮੇਂ ਦੀ ਮੰਗ ਅਨੁਸਾਰ ਕੋਸ਼ਿਸ਼ ਕਰੋ ਕਿ ਆਪਣੇ ਖੇਤੀ ਫਾਰਮ ਦਾ ਮਾਰਕਾ ਤਿਆਰ ਕਰਕੇ ਉਸ ਨਾਲ ਹੇਠ ਸਬਜ਼ੀਆਂ ਦਾ ਮੰਡੀਕਰਨ ਕੀਤਾ ਜਾਵੇ।

**7. ਢੋਆ-ਢੋਆਈ ਦੇ ਸਾਧਨ** : ਸਰਵੇਖਣਾਂ ਤੋਂ ਪਤਾ ਲਗਦਾ ਹੈ ਕਿ ਸਬਜ਼ੀਆਂ ਦੀ ਕਾਫੀ ਵੱਡੀ ਮਾਤਰਾ ਢੋਆ-ਢੋਆਈ ਦੇ ਦੌਰਾਨ ਨਸ਼ਟ ਹੁੰਦੀ ਹੈ। ਸਬਜ਼ੀਆਂ ਨੂੰ ਮੰਡੀਆਂ ਵਿਚ ਲਿਜਾਣ ਲਈ ਆਵਾਜਾਈ ਦੇ ਸਾਧਨਾਂ ਦਾ ਢੁੱਕਵਾਂ ਹੋਣਾ ਬਹੁਤ ਜ਼ਰੂਰੀ ਹੈ। ਸਬਜ਼ੀਆਂ ਹੇਠ ਰਕਬੇ ਅਤੇ ਉਤਪਾਦਨ ਮੁਤਾਬਕ ਆਵਾਜਾਈ ਦੇ ਸਾਧਨ ਦਾ ਬੰਦੋਬਸਤ ਕਰੋ।

# ਬੇਲਰ ਮਸ਼ੀਨਾਂ ਨਾਲ ਤੂੜੀ ਸੰਭਾਲ

## ਵਧੀਕ ਆਮਦਨ ਦਾ ਨਵਾਂ ਮਾਰਗ



**2025 ਵਿਚ ਤੂੜੀ ਦੀ ਕੀਮਤ ਵਿਚ ਵੱਡੀ ਕਮੀ ਆਈ ਹੈ। ਕਈ ਮੰਡੀਆਂ ਵਿਚ ਇਸ ਦੀ ਥੋਕ ਕੀਮਤ 200 ਰੁਪਏ ਤੋਂ 300 ਰੁਪਏ ਪ੍ਰਤੀ ਕੁਇੰਟਲ ਦਰਜ ਕੀਤੀ ਗਈ ਹੈ, ਜੋ ਕਿ ਪਿਛਲੇ ਸਾਲ ਦੀ 500-600 ਰੁਪਏ ਪ੍ਰਤੀ ਕੁਇੰਟਲ ਦੀ ਦਰ ਨਾਲੋਂ ਲਗਭਗ 40-60% ਘੱਟ ਹੈ। ਇਹ ਹੇਠਾਂ ਜਾਂਦੀਆਂ ਕੀਮਤਾਂ ਕਿਸਾਨਾਂ ਲਈ ਆਰਥਿਕ ਝਟਕਾ ਸਾਬਤ ਹੋ ਰਹੀਆਂ ਹਨ।**

ਗੁਰਕੰਵਲ ਸਿੰਘ,
ਪੀਐਚ. ਡੀ., ਫਾਰਮ ਮਸ਼ੀਨਰੀ ਅਤੇ ਪਾਵਰ ਇੰਜੀਨੀਅਰਿੰਗ ਵਿਭਾਗ,
ਪੀ. ਏ. ਯੂ., ਲੁਧਿਆਣਾ
ਮੋ. 96539-08228

ਪੰਜਾਬ ਵਿਚ ਕਣਕ ਕੱਟਣ ਮਗਰੋਂ ਹਰ ਸਾਲ ਲਗਭਗ 90 ਲੱਖ ਟਨ ਤੂੜੀ ਨਿਕਲਦੀ ਹੈ। ਇਸ ਵਿੱਚੋਂ ਲਗਭਗ ਅੱਧੀ ਮਾਤਰਾ ਪਸ਼ੂਆਂ ਦੇ ਚਾਰੇ ਵਜੋਂ ਵਰਤੀ ਜਾਂਦੀ ਹੈ, ਪਰ ਬਾਕੀ ਦੀ ਤੂੜੀ ਅਕਸਰ ਖੇਤਾਂ ਵਿਚ ਛੱਡ ਦਿੱਤੀ ਜਾਂਦੀ ਜਾਂ ਫੂਕ ਦਿੱਤੀ ਜਾਂਦੀ ਹੈ, ਜਿਸ ਨਾਲ ਹਵਾ ਪ੍ਰਦੂਸ਼ਣ ਦਾ ਖਤਰਾ ਵੱਧ ਜਾਂਦਾ ਹੈ।

2025 ਵਿਚ ਤੂੜੀ ਦੀ ਕੀਮਤ ਵਿਚ ਵੱਡੀ ਕਮੀ ਆਈ ਹੈ। ਕਈ ਮੰਡੀਆਂ ਵਿਚ ਇਸ ਦੀ ਥੋਕ ਕੀਮਤ 200 ਰੁਪਏ ਤੋਂ 300 ਰੁਪਏ ਪ੍ਰਤੀ ਕੁਇੰਟਲ ਦਰਜ ਕੀਤੀ ਗਈ ਹੈ, ਜੋ ਕਿ ਪਿਛਲੇ ਸਾਲ ਦੀ 500-600 ਰੁਪਏ ਪ੍ਰਤੀ ਕੁਇੰਟਲ ਦੀ ਦਰ ਨਾਲੋਂ ਲਗਭਗ 40-60% ਘੱਟ ਹੈ। ਇਹ ਹੇਠਾਂ ਜਾਂਦੀਆਂ ਕੀਮਤਾਂ ਕਿਸਾਨਾਂ ਲਈ ਆਰਥਿਕ ਝਟਕਾ ਸਾਬਤ ਹੋ ਰਹੀਆਂ ਹਨ।

ਇਸ ਸਥਿਤੀ ਵਿਚ ਬਹੁਤੇ ਕਿਸਾਨਾਂ ਨੇ ਤੂੜੀ ਨੂੰ ਖੁੱਲ੍ਹੀ ਛੱਡਣ ਦੀ ਬਜਾਏ ਬੇਲਰ ਮਸ਼ੀਨਾਂ ਰਾਹੀਂ ਬਦਲਣਾ ਸ਼ੁਰੂ ਕਰ ਦਿੱਤਾ ਹੈ। ਬੇਲ ਬਣੀ ਤੂੜੀ ਨੂੰ ਆਸਾਨੀ ਨਾਲ ਸੰਭਾਲਿਆ ਜਾ ਸਕਦਾ ਹੈ ਅਤੇ ਜਦ ਮਾਰਕੀਟ ਵਿਚ ਮੰਗ ਵਧੇ, ਤਾਂ ਬਿਹਤਰ ਕੀਮਤ 'ਤੇ ਵੇਚਿਆ ਵੀ ਜਾ ਸਕਦਾ ਹੈ।

ਪੰਜਾਬ ਵਿਚ ਕਿਸਾਨਾਂ ਕੋਲ ਪਹਿਲਾਂ ਹੀ ਕਾਫੀ ਸੰਖਿਆ ਵਿਚ ਝੋਨੇ ਦੀ ਪਰਾਲੀ ਤੋਂ ਬੇਲ ਬਣਾਉਣ ਵਾਲੀਆਂ ਬੇਲਰ ਮਸ਼ੀਨਾਂ ਮੌਜੂਦ ਹਨ, ਜੋ ਕਿ ਸਰਕਾਰ ਦੇ ਫਸਲ ਅਵਸ਼ੇਸ਼ ਪ੍ਰਬੰਧਨ (CRM) ਸਕੀਮ ਤਹਿਤ ਉਨ੍ਹਾਂ ਨੂੰ ਉਪਲਬਧ ਕਰਵਾਈਆਂ ਗਈਆਂ ਸਨ। ਧਿਆਨਯੋਗ ਗੱਲ ਇਹ ਹੈ ਕਿ ਇਹ ਬੇਲਰ ਮਸ਼ੀਨਾਂ ਬਿਨਾਂ ਕਿਸੇ ਵੱਡੀ ਤਕਨੀਕੀ ਸੋਧ ਦੇ ਕਣਕ ਦੀ ਤੂੜੀ ਦੀ ਬੇਲਿੰਗ ਲਈ ਵੀ ਵਰਤੀਆਂ ਜਾ ਸਕਦੀਆਂ ਹਨ। ਇਸ ਤਰੀਕੇ ਨਾਲ ਕਿਸਾਨ ਨਵੇਂ ਉਪਕਰਣਾਂ 'ਤੇ ਵਾਧੂ ਖਰਚ ਕਰਨ ਤੋਂ ਬਚ ਸਕਦੇ ਹਨ ਅਤੇ ਮੌਜੂਦਾ ਮਸ਼ੀਨਰੀ ਦੀ ਪੂਰੀ ਵਰਤੋਂ ਕਰ ਸਕਦੇ ਹਨ। ਇਹ ਨਾ ਸਿਰਫ ਤੂੜੀ ਦੀ ਸੰਭਾਲ ਨੂੰ ਆਸਾਨ ਬਣਾਉਂਦਾ ਹੈ, ਸਗੋਂ ਵਾਤਾਵਰਣ ਪ੍ਰਦੂਸ਼ਣ ਰੋਕਣ ਵਿਚ ਵੀ ਮਦਦਗਾਰ ਸਾਬਤ ਹੁੰਦਾ ਹੈ।

**ਬੇਲਰ ਮਸ਼ੀਨਰੀ ਅਤੇ ਹੋਰ ਉਪਕਰਣ**

ਕਣਕ ਦੀ ਤੂੜੀ ਨੂੰ ਸੰਭਾਲਣ ਲਈ ਅੱਜਕੱਲ੍ਹ ਬੇਲਰ, ਰੈੱਕ, ਲੋਡਰ ਅਤੇ ਰੈਪਿੰਗ ਮਸ਼ੀਨਾਂ ਵਰਗੇ ਆਧੁਨਿਕ ਸਾਧਨਾਂ ਦੀ ਵਰਤੋਂ ਵਧ ਰਹੀ ਹੈ।

**ਬੇਲਰ (Baler)**

ਤੂੜੀ ਜਾਂ ਹੋਰ ਫਸਲ ਬਾਅਦ ਬਚੀ ਸਮੱਗਰੀ ਨੂੰ ਸੰਕੁਚਿਤ ਕਰਕੇ ਛੋਟੇ, ਆਕਾਰਬੱਧ ਬੇਲਾਂ ਵਿਚ ਬਦਲਦਾ ਹੈ। ਵਰਗ ਬੇਲਰ (Square Baler) ਅਤੇ ਗੋਲ ਬੇਲਰ (Round Baler) ਦੋ ਮੁੱਖ ਕਿਸਮਾਂ ਹਨ। ਮਸ਼ੀਨ ਵਿਚ (Pickup Mechanism, Compression Chamber, Knotter System ਅਤੇ Bale Ejector ਵਰਗੇ ਹਿੱਸੇ ਹੁੰਦੇ ਹਨ।

**ਰੈੱਕ (Rake)**

ਰੈੱਕ ਮਸ਼ੀਨ ਤੂੜੀ ਨੂੰ ਲਾਈਨਾਂ (windrows) ਵਿੱਚ ਇਕੱਠਾ ਕਰਦੀ ਹੈ ਤਾਂ ਜੋ ਬੇਲਰ ਲਈ ਲੋੜੀਂਦੀ ਸਮੱਗਰੀ ਮਿਲੇ। ਇਹ ਮਸ਼ੀਨ ਸਮਾਂ ਅਤੇ ਮਿਹਨਤ ਦੋਹਾਂ ਦੀ ਬੱਚਤ ਕਰਦੀ ਹੈ।

**ਲੋਡਰ ਅਤੇ ਬੇਲ ਕਲੈਕਟਰ**

ਲੋਡਰ ਬੇਲਾਂ ਨੂੰ ਖੇਤ ਵਿੱਚੋਂ ਚੁੱਕ ਕੇ ਟ੍ਰਾਲੀਆਂ ਜਾਂ ਟਰੱਕਾਂ 'ਤੇ ਲੋਡ ਕਰਦੇ ਹਨ। ਆਟੋਮੈਟਿਕ ਲੋਡਿੰਗ ਸਿਸਟਮ ਮਿਹਨਤ ਘਟਾਉਂਦਾ ਅਤੇ ਲਾਗਤ ਬਚਾਉਂਦਾ ਹੈ।

**ਰੈਪਿੰਗ ਮਸ਼ੀਨ (Wrapping Machine)**

ਇਹ ਮਸ਼ੀਨਾਂ ਤੂੜੀ ਦੀ ਬੇਲ ਨੂੰ ਪਲਾਸਟਿਕ ਜਾਂ ਨੈੱਟ ਰੈਪ ਨਾਲ ਲਪੇਟਦੀਆਂ ਹਨ, ਜਿਸ ਨਾਲ ਤੂੜੀ ਦੀ ਗੁਣਵੱਤਾ ਬਚੀ ਰਹਿੰਦੀ ਹੈ ਅਤੇ ਬੇਲ ਮਿੱਟੀ ਜਾਂ ਪਾਣੀ ਤੋਂ ਸੁਰੱਖਿਅਤ ਰਹਿੰਦੀ ਹੈ।

ਤੂੜੀ ਦੀ ਘੱਟ ਕੀਮਤ ਹੋਣ ਕੇ ਬਾਵਜੂਦ, ਜੇਕਰ ਇਸਨੂੰ ਢੰਗ ਨਾਲ ਬੇਲਾਂ ਵਿਚ ਬਦਲ ਕੇ ਸੰਭਾਲਿਆ ਜਾਵੇ, ਤਾਂ ਕਿਸਾਨ ਲੰਬੇ ਸਮੇਂ ਤੱਕ ਵਧੀਆ ਕੀਮਤ ਪ੍ਰਾਪਤ ਕਰ ਸਕਦੇ ਹਨ। ਨਾਲ ਹੀ, ਬੇਲਰ ਅਤੇ ਹੋਰ ਮਸ਼ੀਨਰੀ ਦੀ ਵਰਤੋਂ ਖੇਤਾਂ ਦੀ ਸਫਾਈ ਵਾਤਾਵਰਣ ਦੀ ਸੁਰੱਖਿਆ ਅਤੇ ਵਾਧੂ ਆਮਦਨ ਤੱਕ ਰਸਤਾ ਖੋਲ੍ਹਦੀ ਹੈ।

# ਵਾਤਾਵਰਨ ਨੂੰ ਪ੍ਰਣਾਇਆ ਓਮ ਪ੍ਰਕਾਸ਼ ਮਨੌਲੀ

ਸੰਸਾਰਕ ਤਪਸ਼ ਅਤੇ ਜਲਵਾਯੂ ਪਰਿਵਰਤਨ ਦੇ ਕੌਮੀ ਅਤੇ ਕੌਮਾਂਤਰੀ ਹਾਲਾਤ ਦੌਰਾਨ ਭਾਰਤ ਦੇ ਕਈ ਸਰਕਾਰੀ ਅਤੇ ਗੈਰ-ਸਰਕਾਰੀ ਸੰਗਠਨ ਆਪੋ-ਆਪਣਾ ਬਣਦਾ ਯੋਗਦਾਨ ਪਾਉਣ ਦੀ ਪੂਰੀ ਕੋਸ਼ਿਸ਼ ਕਰ ਰਹੇ ਹਨ। ਬਹੁਤ ਸਾਰੀਆਂ ਵਿਅਕਤੀਗਤ ਸ਼ਖਸੀਅਤਾਂ ਵੀ ਸਮਾਜ ਭਲਾਈ ਦੇ ਇਸ ਅਤਿ ਲੋੜੀਂਦੇ ਕਾਰਜ 'ਚ ਸਰਗਰਮ ਹਨ। ਅਜਿਹੀਆਂ ਸ਼ਖਸੀਅਤਾਂ 'ਚੋਂ ਹੀ ਇਕ ਹਨ ਅਧਿਆਪਕ ਓਮ ਪ੍ਰਕਾਸ਼ ਮਨੌਲੀ। ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਸਰਕਾਰੀ ਵਿਦਿਅਕ ਅਦਾਰਿਆਂ 'ਚ 'ਗ੍ਰੀਨ-ਟੀਚਰ' ਵਜੋਂ ਬਹੁ-ਚਰਚਿਤ ਰਹੇ ਓਮ ਪ੍ਰਕਾਸ਼ ਜਿਹੜੇ ਵੀ ਸਕੂਲ 'ਚ ਰਹੇ, ਉਨ੍ਹਾਂ ਉਸ ਨੂੰ ਹਰਾ-ਭਰਾ ਕਰ ਦਿੱਤਾ। ਇਹ ਹਰਿਆਲੀ ਉਹ ਆਮ ਘਾਹ-ਫੂਸ ਉਗਾ ਕੇ ਨਹੀਂ ਲਿਆਉਂਦੇ ਸਨ; ਸਗੋਂ ਉਹ ਦਿਨ-ਰਾਤ ਇਕ ਕਰ ਕੇ ਬੇਹੱਦ ਲਾਹੇਵੰਦ ਜੜ੍ਹੀਆਂ-ਬੂਟੀਆਂ ਤੇ ਔਸ਼ਧੀਆਂ ਭਾਵ ਦਵਾਈਆਂ 'ਚ ਵਰਤੇ ਜਾਣ ਵਾਲੇ ਪੌਦਿਆਂ ਤੇ ਰੁੱਖਾਂ ਨੂੰ ਹੀ ਪ੍ਰਫੁੱਲਤ ਕਰਦੇ ਰਹੇ।

**ਜਲਵਾਯੂ ਤਬਦੀਲੀਆਂ ਦੇ ਮਾੜੇ ਅਸਰ**

ਹੁਣ ਉਹ ਭਾਵੇਂ ਸਰਕਾਰੀ ਸੇਵਾ ਤੋਂ ਰਿਟਾਇਰ ਹੋ ਚੁੱਕੇ ਹਨ ਪਰ ਪਿਛਲੇ ਸੱਤ ਸਾਲਾਂ ਦੌਰਾਨ ਉਹ ਤਨ, ਮਨ ਤੇ ਧਨ ਨਾਲ ਵਾਤਾਵਰਨ ਨੂੰ ਸ਼ੁੱਧ ਕਰਨ ਤੇ ਜਲਵਾਯੂ ਤਬਦੀਲੀਆਂ ਦੇ ਮਾੜੇ ਅਸਰ ਘਟਾਉਣ ਦੀਆਂ ਕੋਸ਼ਿਸ਼ਾਂ ਵਿਚ ਆਪਣਾ ਪੂਰਾ ਤਾਣ ਲਾਉਂਦੇ ਰਹੇ ਹਨ। ਉਨਾਂ ਦਾ ਕਹਿਣਾ ਹੈ ਕਿ ਉਹ ਧਰਤੀ ਦੇ ਪੌਣ-ਪਾਣੀਆਂ ਤੇ ਵਾਤਾਵਰਣ ਦੀ ਸੁਰੱਖਿਆ ਤੇ ਰਾਖੀ ਲਈ ਜੂਝਣ ਵਾਲੇ ਇਕ ਜੁਝਾਰੂ ਜੋਧੇ ਹਨ। 'ਜੇ ਤੁਸੀਂ ਧਰਤੀ ਦਾ ਧਿਆਨ ਰੱਖੋਗੇ, ਤਾਂ ਉਹ ਵੀ ਤੁਹਾਡੀ ਦੇਖਭਾਲ ਕਰੇਗੀ।' ਬੇਸ਼ੱਕ ਇਸ ਕੰਮ ਵਿਚ ਦੇਸ਼ ਦਾ 'ਵਿਦਿਆ ਭਾਰਤੀ' ਸੰਸਥਾਨ (ਜਿਸ ਦੇ ਭਾਰਤ 'ਚ 35000 ਤੋਂ ਵੀ ਵੱਧ ਵਿਦਿਅਕ ਅਦਾਰੇ ਸਫਲਤਾਪੂਰਬਕ ਚੱਲ ਰਹੇ ਹਨ) ਤੇ ਉਸ ਦੀ 'ਸਰਵਹਿਤਕਾਰੀ ਐਜੂਕੇਸ਼ਨਲ ਸੁਸਾਇਟੀ' ਉਨ੍ਹਾਂ ਦਾ ਪੂਰਾ ਸਾਥ ਦੇ ਰਹੇ ਹਨ।

ਇੰਝ ਸਹਿਜੇ ਹੀ ਵੇਖਿਆ ਤੇ ਪਰਖਿਆ ਜਾ ਸਕਦਾ ਹੈ ਕਿ ਇਕ ਅਧਿਆਪਕ ਅਤੇ ਵਾਤਾਵਰਣ-ਪ੍ਰੇਮੀ (ਐਨਵਾਇਰਨਮੈਂਟਲਿਸਟ) ਵਜੋਂ ਉਹ ਕੋਈ ਇਕ-ਦੋ ਸਾਲਾਂ ਤੋਂ ਨਹੀਂ, ਸਗੋਂ ਦਹਾਕਿਆਂ ਤੋਂ ਸਰਗਰਮ ਹਨ। ਹੁਣ ਉਹ ਹਰਬਲ ਗਾਰਡਨਜ਼ ਤੇ ਹਰਬਲ ਪਲਾਂਟਸ (ਜੜ੍ਹੀਆਂ-ਬੂਟੀਆਂ ਵਾਲੇ ਪੌਦਿਆਂ) ਦੀਆਂ ਨਰਸਰੀਆਂ ਦੇ ਕੰਸਲਟੈਂਟ (ਸਲਾਹਕਾਰ) ਵਜੋਂ ਵੀ ਵਿਚਰਦੇ ਹਨ। ਉਹ ਪੰਜਾਬ ਤੇ ਇਤਿਹਾਸ ਵਿਸ਼ਿਆਂ 'ਚ ਡਬਲ ਐਮ.ਏ. ਅਤੇ ਐਮ. ਐੱਡ ਹਨ; ਇਸੇ ਲਈ ਸਰਕਾਰੀ ਸਕੂਲਾਂ 'ਚ ਆਪਣੀਆਂ ਅਕਾਦਮਿਕ ਸੇਵਾਵਾਂ ਦੌਰਾਨ ਉਹ ਸੋਸ਼ਲ ਸਟੱਡੀ ਮਾਸਟਰ ਤੇ ਪੰਜਾਬੀ ਲੈਕਚਰਰ ਵਜੋਂ ਵਿਚਰਦੇ ਰਹੇ।

**ਅੰਗਰੇਜ਼ੀ ਕਿਤਾਬਚਾ**

ਅਜਿਹੀਆਂ ਸ਼ਾਨਦਾਨ ਪ੍ਰਾਪਤੀਆਂ ਕਾਰਨ ਹੀ ਭਾਰਤ ਦੇ ਆਯੁਸ਼ ਮੰਤਰਾਲੇ ਨੇ ਖਾਸ ਤੌਰ 'ਤੇ ਸ੍ਰੀ ਮਨੌਲੀ ਬਾਰੇ ਅੰਗਰੇਜ਼ੀ ਭਾਸ਼ਾ 'ਚ ਇਕ ਕਿਤਾਬਚਾ-'ਸੀ ਓਮ ਪ੍ਰਕਾਸ਼'ਜ਼ ਪੈਸ਼ਨ ਫਾਰ ਮੈਡੀਸਨਲ ਪਲਾਂਟਸ, ਇਨਵਾਇਰਨਮੈਂਟ ਐਂਡ ਬਾਇਓ-ਡਾਇਵਰਸਿਟੀ ਕੰਜ਼ਰਵੇਸ਼ਨ' (ਓਮ ਪ੍ਰਕਾਸ਼ ਦਾ ਔਸ਼ਧ ਜੜ੍ਹੀਆਂ-ਬੂਟੀਆਂ, ਵਾਤਾਵਰਨ ਤੇ ਜੈਵਿਕ-ਵਿਭਿੰਨਤਾ ਦੀ ਸੁਰੱਖਿਆ ਲਈ ਜਨੂੰਨ) ਪ੍ਰਕਾਸ਼ਿਤ ਕੀਤਾ ਹੈ; ਜੋ ਉਨ੍ਹਾਂ ਦੀ ਇਕ ਬੇਹੱਦ ਦੁਰਲੱਭ ਉਪਲਬਧੀ ਹੋ ਨਿੱਬੜਿਆ ਹੈ। ਇਹ ਕਿਤਾਬਚਾ ਹਿਮਾਚਲ ਪ੍ਰਦੇਸ਼ ਦੇ ਮੰਡੀ ਜ਼ਿਲ੍ਹੇ ਦੇ ਜੋਗਿੰਦਰਨਗਰ 'ਚ ਭਾਰਤੀ ਦਵਾ ਤੇ ਇਲਾਜ ਪ੍ਰਣਾਲੀ ਬਾਰੇ ਖੋਜ ਸੰਸਥਾਨ (ਰਿਸਰਚ ਇੰਸਟੀਚਿਊਟ ਇਨ ਇੰਡੀਅਨ ਸਿਸਟਮ-ਕਮ-ਫੈਸਿਲੀਟੇਸ਼ਨ ਸੈਂਟਰ ਫਾਰ ਨੌਰਦਰਨ ਰੀਜਨ-1 ਨੈਸ਼ਨਲ ਮੈਡੀਸਨ ਬੋਰਡ' ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ।

**ਜੜ੍ਹੀਆਂ-ਬੂਟੀਆਂ ਦਾ ਗਿਆਨ**

ਦਿਨ-ਰਾਤ ਜੜ੍ਹੀਆਂ-ਬੂਟੀਆਂ 'ਚ ਰਹਿਣ ਕਾਰਨ ਓਮ ਪ੍ਰਕਾਸ਼ ਮਨੌਲੀ ਨੂੰ ਕਿਸੇ ਨਵੇਂ ਬਣੇ ਆਯੁਰਵੈਦਿਕ ਡਾਕਟਰ ਤੋਂ ਕਿਤੇ ਜ਼ਿਆਦਾ ਗਿਆਨ ਹੈ। ਵੱਡੀਆਂ-ਵੱਡੀਆਂ ਹਸਤੀਆਂ ਉਨ੍ਹਾਂ ਤੋਂ ਆ ਕੇ ਪੁੱਛਦੀਆਂ ਹਨ ਕਿ ਫਲਾਣੀ ਬੂਟੀ ਉਸ ਦੇ ਘਰ 'ਚ ਲੱਗੀ ਹੋਈ ਹੈ, ਉਸ ਦੇ ਕੀ-ਕੀ ਫਾਇਦੇ ਹਨ ; ਜਾਂ ਉਨ੍ਹਾਂ ਤੋਂ ਅਕਸਰ ਇਹ ਵੀ ਪੁੱਛਿਆ ਜਾਂਦਾਦ ਹੈ ਕਿ ਉਨ੍ਹਾਂ ਦੇ ਸਰੀਰ 'ਚ ਇਹ ਵਿਗਾੜ ਪੈਦਾ ਹੋ ਗਿਆ ਹੈ ਜਾਂ ਕੋਈ ਖਾਸ ਰੋਗ ਹੋ ਗਿਆ ਹੈ-ਉਸ ਲਈ ਕਿਹੜੀ ਦੇਸੀ ਜੜ੍ਹੀ-ਬੂਟੀ ਜਾਂ ਨੁਸਖਾ ਕੰਮ ਆਏਗਾ। ਤੁਸੀਂ ਕਦੇ ਵੀ ਮੋਹਾਲੀ ਦੇ ਸੈਕਟਰ-71 'ਚ ਸਥਿਤ ਉਨ੍ਹਾਂ ਦੇ ਘਰੇ ਜਾਂ ਉਨ੍ਹਾਂ ਦੇ ਘਰ ਲਾਗਲੇ ਜਿਤੇਂਦਰਵੀਰ ਸਰਵਹਿਤਕਾਰੀ ਮਾਡਲ ਸੈਕੰਡਰੀ ਸਕੂਲ ਚਲੇ ਜਾਓ, ਉਹ ਤੁਹਾਨੂੰ ਕੋਈ ਨਾ ਕੋਈ ਜੜ੍ਹੀ-ਬੂਟੀ ਸੁਕਾਉਂਦੇ ਜਾਂ ਉਸ ਨੂੰ ਪੀਸਦੇ ਹੀ ਵਿਖਾਈ ਦੇਣਗੇ। ਉਹ ਸਾਰਾ ਦਿਨ ਪੌਦਿਆਂ ਦੀ ਦੇਖਭਾਲ ਕਰਦੇ ਸਮੇਂ ਮਿੱਟੀ-ਨਾਲ ਮਿੱਟੀ ਹੋਏ ਰਹਿੰਦੇਹਨ। ਹਰੇਕ ਜੜ੍ਹੀ-ਬੂਟੀ ਦੀ ਖੋਜ ਉਨ੍ਹਾਂ ਪਹਿਲਾਂ ਹੀ ਕੀਤੀ ਹੁੰਦੀ ਹੈ। ਇਸੇ ਲਈ ਉਨ੍ਹਾਂ ਵੱਲੋਂ ਸਕੂਲ 'ਚ ਤਿਆਰ ਕੀਤੀ ਔਸ਼ਧ-ਪੌਦਿਆਂ (ਮੈਡੀਸਨਲ ਪਲਾਂਟਸ) ਦੀ 2000 ਵਰਗ ਫੁੱਟ ਰਕਬੇ 'ਚ ਪੱਸਰੀ ਨਰਸਰੀ ਨੂੰ ਵੇਖਣ ਲਈ ਵਾਤਾਵਰਣ-ਪ੍ਰੇਮੀ ਦੂਰੋਂ-ਦੂਰੋਂ ਆਉਂਦੇ ਹਨ। ਇਸ ਨਰਸਰੀ 'ਚ ਮਨੌਲੀ ਨੇ 84 ਜੜ੍ਹੀਆਂ-ਬੂਟੀਆਂ ਵਿਕਸਤ ਕੀਤੀਆਂ ਹਨ। ਜੇ ਵੱਡੇ ਪੌਦਿਆਂ ਤੇ ਰੁੱਖਾਂ ਨੂੰ ਵੀ ਮਿਲਾ ਲਿਆ ਜਾਵੇ ਤਾਂ ਕੁੱਲ ਗਿਣਤੀ 119 ਬਣ ਜਾਂਦੀਆਂ ਹੈ ਭਾਵ-ਔਲਾ , ਬਹੇੜਾ, ਮੁਸ਼ਕ-ਕਪੂਰ (ਕੈਂਫਰ), ਕਿੱਕਰ, ਸੰਧੂ-ਜਿਹੇ 35 ਲਾਹੇਵੰਦ ਔਸ਼ਧ ਰੁੱਖ ਵੀ ਇਸ ਨਰਸਰੀ 'ਚ ਮੌਜੂਦ ਹਨ। ਜਿਸ ਤੇ ਇਕੱਲੀ ਨਰਸਰੀ 'ਤੇ ਹੀ ਇਕ ਵੱਖਰੀ ਕਿਤਾਬ ਲਿਖੀ ਜਾ ਸਕਦੀ ਹੈ।

ਮਨੌਲੀ ਸਕੂਲ 'ਚ ਪਿਛਲੇ ਤਿੰਨ ਸਾਲਾਂ ਤੋਂ ਗੁਲਦਾਉਦੀ ਸ਼ੋਅ ਵੀ ਕਰਵਾਉਂਦੇ ਆ ਰਹੇ ਹਨ। ਉਹ ਸਕੂਲ ਨੂੰ ਕੁੱਲ-ਵਕਤੀ ਸੇਵਾਵਾਂ ਬਿਨਾਂ ਕਿਸੇ ਸੇਵਾ-ਫਲ ਦੇ ਮੁਹੱਈਆ ਕਰਵਾ ਰਹੇ ਹਨ। ਇਹ ਵੀ ਆਪਣੇ-ਆਪ 'ਚ ਉਨ੍ਹਾਂ ਦਾ ਇਕ ਵਿਲੱਖਣ ਗੁਣ ਹੈ।

**ਲਾਹੇਵੰਦ ਜੜ੍ਹੀਆਂ-ਬੂਟੀਆਂ**

ਚੰਡੀਗੜ੍ਹ ਲਾਗਲੇ ਪਿੰਡ ਮਨੌਲੀ 'ਚ 10 ਸਤੰਬਰ, 1958 ਨੂੰ ਜਨਮੇ ਓਮ ਪ੍ਰਕਾਸ਼ ਜਿਹੜੇ ਵੀ ਕਿਸੇ ਪਿੰਡ ਜਾਂ ਸ਼ਹਿਰ 'ਚ ਜਾਂਦੇ ਹਨ ; ਉੱਥੇ ਹੀ ਉਹ ਦਰਜਨਾਂ ਨਵੀਆਂ ਤੇ ਲਾਹੇਵੰਦ ਜੜ੍ਹੀਆਂ-ਬੂਟੀਆਂ ਲੱਭ ਲੈਂਦੇ ਹਨ। ਸੱਚਮੁੱਚ ਕੁਦਰਤ ਨੇ ਤਾਂ ਸਾਨੂੰ ਹਰਿਆਲੀ ਦੇ ਰੂਪ ਵਿਚ ਭਰਪੂਰ ਖਜ਼ਾਨਾ ਦਿੱਤਾ ਹੈ, ਬੱਸ ਸਾਨੂੰ ਨਾ ਤਾਂ ਉਨ੍ਹਾਂ ਦੀ ਪਛਾਣ ਕਰਨ ਦੀ ਸੋਝੀ ਹੈ ਤੇ ਨਾ ਹੀ ਅਸੀਂ ਉਨ੍ਹਾਂ ਦੀ ਸਾਂਭ-ਸੰਭਾਲ ਹੀ ਕਰ ਰਹੇ ਹਾਂ। ਉਹ ਬੱਚਿਆਂ, ਬਜ਼ੁਰਗਾਂ ਤੇ ਆਮ ਲੋਕਾਂ ਨੂੰ ਸਿਰਫ ਆਪਣੇ ਆਲੇ-ਦੁਆਲੇ ਮੌਜੂਦ ਕੰਮ ਦੀਆਂ ਜੜ੍ਹੀਆਂ-ਬੂਟੀਆਂ ਤੇ ਰੁੱਖਾਂ ਦੀ ਦੇਖਭਾਲ ਕਰਨ ਦਾ ਹੋਕਾ ਦਿੰਦੇ ਹਨ। ਜੇ ਧਰਤੀ ਹਰੀ-ਭਰੀ ਰਹੇਗੀ ਤਾਂ ਸਾਡੇ ਜੀਵਨ ਵੀ ਸੱਚਮੁੱਚ ਖੁਸ਼ਹਾਲ ਹੋ ਸਕਣਗੇ।

**ਸਨਮਾਨ**

ਮਨੌਲੀ ਨੂੰ 2011 'ਚ ਅਧਿਆਪਕ ਦਿਵਸ ਮੌਕੇ ਨਵੀਂ ਦਿੱਲੀ ਸਥਿਤ ਰਾਸ਼ਟਰਪਤੀ ਭਵਨ 'ਚ ਉਦੋਂ ਦੇ ਰਾਸ਼ਟਰਪਤੀ ਭਵਨ 'ਚ ਉਦੋਂ ਦੇ ਰਾਸ਼ਟਰਪਤੀ ਸ੍ਰੀਮਤੀ ਪ੍ਰਤਿਭਾ ਦੇਵੀ ਸਿੰਘ ਪਾਟਿਲ ਨੇ ਰਾਸ਼ਟਰੀ ਪੁਰਸਕਾਰ ਨਾਲ ਨਿਵਾਜਿਆ ਸੀ। 1997 ਦੇ ਅਧਿਆਪਕ ਦਿਵਸ ਮੌਕੇ ਉਨ੍ਹਾਂ ਨੂੰ ਚੰਡੀਗੜ੍ਹ ਦੇ ਸਟੇਟ ਐਵਾਰਡ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਸੀ। ਇਸ ਤੋਂ ਇਲਾਵਾ ਉਨ੍ਹਾਂ ਨੂੰ ਦੋ ਵਾਰ ਸਰਕਾਰੀ ਪੱਧਰ 'ਤੇ ਮੈਰਿਟ ਸਰਟੀਫਿਕੇਟ (1996) ਪ੍ਰਸ਼ੰਸਾ-ਪੱਤਰ (2007 ਅਤੇ 2012) ਵੀ ਮਿਲ ਚੁੱਕੇ ਹਨ।

ਮਹਤਾਬ-ਉਦ-ਦੀਨ
ਮੋ: 98157-03226

# ਅੰਬੀ ਦਾ ਬੂਟਾ ਹਰਿਆ ਵੇ ਢੋਲਿਆ...

ਮਨੁੱਖ ਦੀ ਅੰਬ ਨਾਲ ਸਾਂਝ ਸਦੀਆਂ ਪੁਰਾਣੀ ਹੈ। ਅੰਬ ਦੇ ਪੱਤੇ, ਬੂਰ, ਫਲ ਯਾਨੀ ਪੂਰੇ ਦਾ ਪੂਰਾ ਰੁੱਖ ਸਾਡੀ ਜ਼ਿੰਦਗੀ ਵਿੱਚ ਅਲੱਗ-ਅਲੱਗ ਪੱਖਾਂ ਤੋਂ ਆਪਣੀ ਹਾਜ਼ਰੀ ਲਵਾਉਂਦਾ ਹੈ। ਅੰਬ ਦਾ ਜ਼ਿਕਰ ਸਾਡੇ ਵੇਦਾਂ-ਗ੍ਰੰਥਾਂ ਵਿੱਚ ਵੀ ਵੇਖਣ ਨੂੰ ਮਿਲਦਾ ਹੈ। ਅੰਬ ਦੀ ਹੋਂਦ ਭਾਰਤ ਵਿੱਚ ਕੋਈ ਦੋ-ਚਾਰ ਸੌ ਸਾਲ ਪੁਰਾਣੀ ਨਹੀਂ, ਬਲਕਿ ਇਹ ਤਕਰੀਬਨ ਚਾਰ ਹਜ਼ਾਰ ਸਾਲਾਂ ਤੋਂ ਉੱਗ ਰਿਹਾ ਹੈ। ਰਾਮਾਇਣ, ਮਹਾਂਭਾਰਤ, ਕਾਲੀਦਾਸ ਦੀਆਂ ਰਚਨਾਵਾਂ, ਗੌਤਮ ਬੁੱਧ ਨਾਲ ਸਬੰਧ ਕਥਾਵਾਂ ਆਦਿ ਸਭ ਅੰਬ ਦੀਆਂ ਵਿਸ਼ੇਸ਼ਤਾਵਾਂ ਅਤੇ ਮਨੁੱਖੀ ਸਬੰਧ ਨੂੰ ਸਾਡੇ ਸਨਮੁੱਖ ਪੇਸ਼ ਕਰਦੇ ਹਨ। ਅੰਬ ਨੂੰ ਜੀਵਾਂ ਦੇ ਦੇਵਤਾ ਪ੍ਰਜਾਪਤੀ ਦਾ ਘੋਸ਼ਣਾ-ਪੱਤਰ ਸਮਝਿਆ ਜਾਂਦਾ ਹੈ ਅਤੇ ਇਸ ਦੇ ਪੱਤਰ ਖਾਸ ਸਮੇਂ ਜਾਂ ਮੌਕੇ 'ਤੇ ਘਰਾਂ ਦੇ ਦਰਵਾਜ਼ਿਆਂ 'ਤੇ ਟੰਗੇ ਜਾਂਦੇ ਹਨ। ਇਸ ਤੋਂ ਇਲਾਵਾ ਮਾਘ ਦੇ ਮਹੀਨੇ ਦੇ ਦੂਜੇ ਦਿਨ ਅੰਬ ਦਾ ਬੂਰ ਚੰਨ ਨੂੰ ਅਰਪਣ ਕੀਤਾ ਜਾਂਦਾ ਹੈ।

ਅੰਬ ਨੂੰ ਸਾਡਾ ਰਾਸ਼ਟਰੀ ਫਲ ਹੋਣ ਦਾ ਮਾਣ ਮਿਲਿਆ ਹੋਇਆ ਹੈ, ਪ੍ਰੰਤੂ ਇਹ ਗੱਲ ਘੱਟ ਹੀ ਲੋਕ ਜਾਣਦੇ ਹਨ ਕਿ 14ਵੀਂ ਸਦੀ ਵਿੱਚ ਅਮੀਰ ਖੁਸਰੋ ਨੇ ਅੰਬ ਨੂੰ ਫਲਾਂ ਦਾ ਬਾਦਸ਼ਾਹ ਆਖਿਆ ਸੀ। ਨਾਂ ਦਿੱਤਾ ਗਿਆ ਜੋ ਅੱਜ ਵੀ ਕਾਫੀ ਮਸ਼ਹੂਰ ਹੈ। ਸਾਡੇ ਗੁਆਂਢੀ ਸੂਬੇ ਦੇ ਜ਼ਿਲ੍ਹੇ ਅੰਬਾਲਾ ਦਾ ਨਾਂ ਵੀ ਅੰਬ ਤੋਂ ਪਿਆ, ਕਹਿਣ ਤੋਂ ਭਾਵ ਅੰਬ ਵਾਲਾ। ਇਸ ਪਿੱਛੇ ਕਾਰਨ ਇਹੀ ਹੈ ਕਿ ਅੰਬਾਲੇ ਜ਼ਿਲ੍ਹੇ ਵਿੱਚ ਅੰਬ ਬਹੁਤ ਜ਼ਿਆਦਾ ਪੈਦਾ ਹੁੰਦਾ ਸੀ। ਚੰਡੀਗੜ੍ਹ ਦੇ ਬੁੜੈਲ ਪਿੰਡ ਵਿੱਚ ਅੰਬ ਦਾ ਬਹੁਤ ਵੱਡਾ ਦਰੱਖਤ ਹੈ ਜੋ

ਡਾ. ਬਲਵਿੰਦਰ ਸਿੰਘ ਲੱਖੇਵਾਲੀ
ਸੰਪਰਕ : 98142-39041

ਆਪਣੇ ਆਕਾਰ ਸਦਕਾ ਭਾਰਤ ਅਤੇ ਬਾਹਰ ਵੀ ਪ੍ਰਸਿੱਧ ਹੈ। ਪੰਜਾਬ ਵਿੱਚ ਦੁਆਬੇ ਨੂੰ ਅੰਬਾਂ ਦਾ ਦੇਸ਼ ਕਿਹਾ ਜਾਂਦਾ ਹੈ।

'ਅੰਬੀਆਂ ਨੂੰ ਤਰਸੇਗੀ ਛੱਡ ਕੇ ਦੇਸ਼ ਦੁਆਬਾ'

ਇਹ ਲੋਕ ਬੋਲੀ ਇਸ ਗੱਲ ਦੀ ਪ੍ਰੋੜਤਾ ਕਰਦੀ ਹੈ। ਡਾ. ਮਹਿੰਦਰ ਸਿੰਘ ਰੰਧਾਵਾ ਕੰਮ-ਕਾਰ ਦੀ ਚਿੰਤਾ ਵਿੱਚ ਫਸੇ ਸੱਜਣਾ ਨੂੰ ਸਲਾਹ ਦਿੰਦੇ ਸਨ ਕਿ "ਜਾਓ ਹੁਸ਼ਿਆਰਪੁਰ ਦੇ ਬਾਗਾਂ 'ਚ ਪੰਦਰਾਂ ਦਿਨ ਅੰਬ ਚੂਸੋ ਅਤੇ ਭੁੱਲ ਜਾਓ ਕਿ ਤੁਸੀਂ ਪੜ੍ਹੇ ਲਿਖੇ ਹੋ।" ਡਾ. ਰੰਧਾਵਾ ਨੇ ਆਪਣੇ ਸਮੇਂ 'ਚ ਅੰਬ ਵਿਰਾਸਤ ਨੂੰ ਬਚਾਉਣ ਲਈ ਦਸੂਆ ਨੇੜੇ ਪਿੰਡ ਰੰਗੀਆ ਵਿਖੇ 'ਅੰਬ ਖੋਜ ਕੇਂਦਰ' ਸਥਾਪਿਤ ਕਰਵਾਇਆ ਸੀ।



ਸਿੱਖ ਧਰਮ ਵਿੱਚ ਅੰਬ ਦਾ ਸਬੰਧ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਏ ਜੀ ਨਾਲ ਜੁੜਦਾ ਹੈ ਅਤੇ 1559 ਵਿੱਚ ਗੁਰੂ ਸਾਹਿਬ ਮੁਹਾਲੀ ਵਿਖੇ ਆਏ ਸਨ, ਜਿੱਥੇ ਗੁਰਦੁਆਰਾ ਅੰਬ ਸਾਹਿਬ ਸੁਸ਼ੋਭਿਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਅੰਬ ਦਾ ਜ਼ਿਕਰ ਵੇਖਣ ਨੂੰ ਮਿਲਦਾ ਹੈ :

ਕੋਕਿਲ ਅੰਬ ਪਰੀਤਿ ਚਵੈ ਸੁਹਾਵੀਆ
ਮਨ ਹਰਿ ਰੰਗੁ ਕੀਜੀਐ।

ਦਰਅਸਲ, ਕੋਇਲ ਅਤੇ ਅੰਬ ਦੇ ਬੂਟੇ ਦਾ ਬਹੁਤ ਗਹਿਰਾ ਸਬੰਧ ਹੈ। ਜਦੋਂ ਵੀ ਕਿਧਰੇ ਕੋਇਲ ਕੂਕਣ ਦੀ ਗੱਲ ਕੰਨੀਂ ਪੈਂਦੀ ਹੈ ਤਾਂ ਮਨੋ-ਮਨ ਇੱਕ ਅਜਬ ਜਿਹਾ ਮਾਹੌਲ ਦਿਲੋ-ਦਿਮਾਗ ਵਿੱਚ ਘੁੰਮਣ ਲੱਗ ਜਾਂਦਾ ਹੈ। ਅੰਬੀਆਂ ਨੂੰ ਬੂਰ ਪੈਣਾ, ਕੋਇਲ ਦਾ ਕੂਕਣਾ, ਅੰਬ ਦੇ ਰੁੱਖਾਂ ਦੀ ਠੰਢੜੀ ਛਾਂ, ਕਿਸੇ ਮੁਟਿਆਰ ਦਾ ਪ੍ਰਦੇਸੀ ਹੋਏ ਢੋਲ ਨੂੰ ਉਡੀਕਣਾ, ਸਾਨੂੰ ਸੋਚਾਂ-ਸੋਚਾਂ ਵਿੱਚ ਕਿਤੇ ਦੂਰ ਲੈ ਜਾਂਦਾ ਹੈ।

ਅੰਬੀ ਦਾ ਬੂਟਾ ਹਰਿਆ ਵੇ ਢੋਲਿਆ,
ਸਾਡੇ ਤਾਂ ਵਿਹੜੇ ਕਾਂ ਵੀ ਨਾ ਬੋਲਿਆ।
ਆਜਾ ਕਿਤੋਂ ਵਾਅ ਬਣ ਕੇ......

ਜੇਕਰ ਗੱਲ ਰਾਜਿਆਂ-ਮਹਾਰਾਜਿਆਂ ਦੀ ਕਰੀਏ ਤਾਂ ਉਨ੍ਹਾਂ ਦਾ ਪਿਆਰ ਵੀ ਅੰਬ ਪ੍ਰਤੀ ਕਿਸੇ ਪਾਸਿਓਂ ਘੱਟ ਨਹੀਂ ਸੀ। ਮੁਗਲ ਬਾਦਸ਼ਾਹ ਖਾਸ ਤੌਰ 'ਤੇ ਅੰਬਾਂ ਦੇ ਸ਼ੌਕੀਨ ਸਨ। ਅਕਬਰ ਨੇ ਦੇਸ਼ ਦੇ ਕਈ ਹਿੱਸਿਆਂ ਵਿੱਚ ਅੰਬਾਂ ਦਾ ਰੁੱਖ ਲਵਾਏ। ਦਰਬੰਗਾ ਸ਼ਹਿਰ ਜੋ ਬਿਹਾਰ ਵਿੱਚ ਪੈਂਦਾ ਹੈ, ਉਸ ਸਥਾਨ ਤੇ ਬਾਦਸ਼ਾਹ ਅਕਬਰ ਨੇ ਤਕਰੀਬਨ ਸੌ ਵਿੱਘਿਆਂ ਵਿਚ ਅੰਬਾਂ ਦਾ ਬਾਗ ਲਵਾਇਆ ਸੀ, ਜਿੱਥੇ ਰੁੱਖਾਂ ਦੀ ਗਿਣਤੀ ਲੱਖ ਹੋਣ ਸਦਕਾ ਉਸ ਨੂੰ ਲਾਖਾ ਜਾਂ ਲੱਖੀ ਬਾਗ ਦਾ

ਪੰਜਾਬ ਦੇ ਖਾਸ ਕਰ ਦੁਆਬੇ ਇਲਾਕੇ ਵਿੱਚ ਅੰਬਾਂ ਦੇ ਕਈ ਬਾਗ ਅੱਜ ਵੀ ਬਹੁਤ ਮਸ਼ਹੂਰ ਹਨ। ਭੂੰਗਾ ਵਿਖੇ 'ਕਾਲਾ ਬਾਗ' ਗੜ੍ਹਦੀਵਾਲ ਕੋਲ ਪਿੰਡ ਡੱਫਰ ਵਿਖੇ 'ਮਹੰਤਾਂ ਦਾ ਬਾਗ', 'ਚੌਧਰੀਆਂ ਦਾ ਬਾਗ' ਨੇੜੇ ਭੀਖੋਵਾਲ ਆਦਿ ਕਈ ਬਾਗ ਹਨ। ਹਰਿਆਣਾ ਨੇੜੇ ਪਿੰਡ ਬੱਸੀ ਉਤਰ ਖਾਨ ਵਿਖੇ ਕਈ ਦਹਾਕੇ ਪੁਰਾਣਾ 'ਇਨਾਮੀ ਬਾਗ' ਕਾਫੀ ਜ਼ਿਆਦਾ ਮਸ਼ਹੂਰ ਹੈ। ਅੰਬਾਂ ਦੀਆਂ ਦੇਸੀ ਕਿਸਮਾਂ ਦਿਨ-ਬ-ਦਿਨ ਘਟਦੀਆਂ ਅਤੇ ਅਲੋਪ ਹੁੰਦੀਆਂ ਜਾ ਰਹੀਆਂ ਹਨ। ਅੰਬਾਂ ਦਾ ਦੇਸ਼ ਦੁਆਬਾ ਖੁਦ ਹੁਣ ਅੰਬਾਂ ਦੇ ਰੁੱਖਾਂ ਦੀ ਗਿਣਤੀ ਪੱਖੋਂ ਹੌਲਾ ਹੁੰਦਾ ਜਾ ਰਿਹਾ ਹੈ। ਅੰਬ ਦਾ ਮੂਲ ਸਥਾਨ ਭਾਰਤ ਜਾਂ ਦੱਖਣੀ ਏਸ਼ਿਆਈ ਇਲਾਕਾ ਮੰਨਿਆ ਜਾਂਦਾ ਹੈ। ਜੰਗਲੀ ਰੂਪ ਵਿੱਚ ਵਧੇ-ਫੁੱਲੇ ਰੁੱਖ ਦੀ ਉਮਰ ਤਿੰਨ-ਚਾਰ ਸੌ ਸਾਲ ਤੱਕ ਵੀ ਹੋ ਸਕਦੀ ਹੈ। ਕਿਸਮ ਅਨੁਸਾਰ ਛੋਟੇ ਤੋਂ ਦਰਮਿਆਨੇ ਅਤੇ ਦਰਮਿਆਨੇ ਤੋਂ ਵੱਡੇ ਆਕਾਰ ਦਾ ਇਹ ਰੁੱਖ ਸਦਾ ਬਹਾਰੀ ਹੈ। ਇਸ ਦੇ ਪੱਤੇ ਲੰਬੂਤਰੇ ਜਿਹੇ ਹੁੰਦੇ ਹਨ ਅਤੇ ਬਹੁਤ ਜ਼ਿਆਦਾ ਅਤੇ ਸੰਘਣੀਆਂ ਟਾਹਣੀਆਂ ਹੋਣ ਕਰਕੇ ਸੰਘਣਾ ਛਤਰ ਬਣਾ ਲੈਂਦਾ ਹੈ। ਇਸੇ ਕਰਕੇ ਲੋਕ ਗੀਤਾਂ 'ਚ ਅੰਬ ਦੀ ਸੰਘਣੀ ਛਾਂ ਦਾ ਜ਼ਿਕਰ ਵੀ ਵੇਖਣ ਨੂੰ ਮਿਲਦਾ ਹੈ :

ਅੰਬਾਂ ਤੇ ਤੂਤਾਂ ਦੀ ਠੰਢੀ ਛਾਂ
ਕੋਈ ਪ੍ਰਦੇਸੀ ਜੋਗੀ ਆ ਲੱਥਾ
ਚੱਲ ਨੀ ਚੱਲ ਭਾਬੋ ਬਾਗ
ਬਾਗ ਦੇ ਪੰਜ ਜੋਗੀ ਵੇਖੀਏ

ਇਲਾਕਿਆਂ ਤੇ ਵਾਤਾਵਰਨ ਅਨੁਸਾਰ ਤਕਰੀਬਨ ਫਰਵਰੀ-ਮਾਰਚ ਮਹੀਨੇ ਦੌਰਾਨ ਅੰਬਾਂ ਦੇ ਬੂਟਿਆਂ ਨੂੰ ਬੂਰ ਪੈ ਜਾਂਦਾ ਹੈ। ਫੁੱਲਾਂ ਜਾਂ ਬੂਰ ਵਿੱਚੋਂ ਆਉਂਦੀ ਮਿੱਠੀ-ਮਿੱਠੀ ਸੁਗੰਧੀ ਮਾਹੌਲ ਨੂੰ ਹੋਰ ਖੁਸ਼ਨੁਮਾ ਬਣਾਉਂਦੀ ਹੈ। ਸਮਾਂ ਪਾ ਕੇ ਇਹੀ ਬੂਰ ਅੱਤ ਗਰਮੀ ਦੇ ਦਿਨੀਂ ਫਲਾਂ ਵਿੱਚ ਤਬਦੀਲ ਹੋ ਜਾਂਦਾ ਹੈ।

ਜੇਠ-ਹਾੜ੍ਹ ਵਿੱਚ ਅੰਬ ਬਥੇਰੇ ਸੌਣ ਜਾਮਣੂੰ ਪੀਲਾਂ,
ਰਾਂਝਿਆਂ ਆ ਜਾ ਵੇ, ਤੈਨੂੰ ਪਾ ਕੇ ਪਟਾਰੀ ਵਿੱਚ ਕੀਲਾਂ।

ਸਾਡੇ ਦੇਸ਼ ਵਿੱਚ ਅੰਬਾਂ ਦੀਆਂ ਅਨੇਕਾਂ ਕਿਸਮਾਂ ਪ੍ਰਸਿੱਧ ਅਤੇ ਵੇਖਣ ਨੂੰ ਮਿਲਦੀਆਂ ਹਨ। ਇੱਕ ਅੰਦਾਜ਼ੇ ਮੁਤਾਬਕ ਇਕੱਲੇ ਭਾਰਤ ਵਿੱਚ 500 ਤੋਂ 1000 ਕਿਸਮਾਂ ਦੇ ਅੰਬ ਪਾਏ ਜਾਂਦੇ ਹਨ। ਜਿਨ੍ਹਾਂ ਵਿੱਚੋਂ 150 ਕਿਸਮਾਂ ਤਾਂ ਸਿਰਫ ਉੱਤਰ ਪ੍ਰਦੇਸ਼ ਵਿੱਚ ਪਾਈਆਂ ਜਾਂਦੀਆਂ ਹਨ। ਅੰਬ ਦਾ ਵਾਧਾ ਮੁੱਖ ਰੂਪ ਵਿੱਚ ਪਿਉਂਦ ਰਾਹੀਂ ਕੀਤਾ ਜਾਂਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਲੋਂ ਅੰਬਾਂ ਦੀਆਂ ਕਾਫੀ ਕਿਸਮਾਂ ਵਿਕਸਤ ਕੀਤੀਆਂ ਗਈਆਂ ਹਨ। ਪੰਜਾਬ ਵਿੱਚ ਅੰਬ ਦੇ ਪੌਦੇ ਲਾਉਣ ਲਈ ਢੁਕਵਾਂ ਸਮਾਂ ਫਰਵਰੀ-ਮਾਰਚ ਜਾਂ ਅਗਸਤ-ਸਤੰਬਰ ਮਹੀਨਿਆਂ ਦੌਰਾਨ ਹੁੰਦਾ ਹੈ।

ਅੰਬ ਤੋਂ ਅਨੇਕਾਂ ਤਰ੍ਹਾਂ ਦੇ ਉਤਪਾਦ ਜਿਵੇਂ ਕਿ ਆਚਾਰ, ਮੁਰੱਬਾ, ਜੂਸ, ਸਕੁਐਸ਼, ਜੈਮ, ਜੈਲੀ, ਚਟਣੀ, ਅੰਬ-ਪਾਪੜ, ਅਮਚੂਰ ਆਦਿ ਵਸਤਾਂ ਤਿਆਰ ਕੀਤੀਆਂ ਜਾਂਦੀਆਂ ਹਨ। ਅੰਬ ਦੇ ਆਚਾਰ ਦਾ ਤਾਂ ਹਰ ਘਰ ਸ਼ੌਕੀਨ ਹੈ। ਪੰਜਾਬ ਵਿੱਚ ਕੋਈ ਵਿਰਲਾ ਹੀ ਘਰ ਹੋਵੇਗਾ, ਜੋ ਅੰਬ ਦਾ ਆਚਾਰ ਨਹੀਂ ਰੱਖਦਾ ਹੋਏਗਾ। ਕਈ ਲੋਕ ਗਰੀਬੀ ਸਦਕਾ ਅਤੇ ਕਈ ਸ਼ੌਕ ਵਜੋਂ ਇਕੱਲੇ ਅੰਬ ਦੀ ਫਾੜੀ ਨਾਲ ਰੋਟੀ ਖਾਣਾ ਵੀ ਪਸੰਦ ਕਰਦੇ ਹਨ।

ਮੱਕੀ ਦੀ ਰੋਟੀ ਉੱਤੇ ਅੰਬ ਦੀਆਂ ਫਾੜੀਆਂ,
ਸਹੁਰੇ ਕਾਹਨੂੰ ਜਾਣਾ, ਜਿਹਨੇਂ ਪੇਕੀਂ ਲਾਈਆਂ ਯਾਰੀਆਂ।

ਅੰਬ ਨਾਲ ਸਬੰਧਤ ਵੱਖ-ਵੱਖ ਚੀਜ਼ਾਂ ਤੋਂ ਸਾਨੂੰ ਸਵਾਦ ਦੀ ਪ੍ਰਾਪਤੀ ਤਾਂ ਹੁੰਦੀ ਹੀ ਹੈ, ਇਸ ਦੇ ਨਾਲ-ਨਾਲ ਕਈਂ ਤਰ੍ਹਾਂ ਦੇ ਵਿਟਾਮਿਨ ਅਤੇ ਸਰੀਰ ਲਈ ਲੋੜੀਂਦੇ ਤੱਤ ਮਿਲਦੇ ਹਨ ਜੋ ਸਾਡੀ ਸਿਹਤ ਨੂੰ ਨਰੋਆ ਰੱਖਣ ਵਿੱਚ ਸਹਾਈ ਹੁੰਦੇ ਹਨ। ਮਸਾਲੇ ਲਾ ਕੇ ਪਕਾਏ ਹੋਏ ਅੰਬਾਂ ਨਾਲੋਂ ਕੁਦਰਤੀ ਰੂਪ ਵਿੱਚ ਪੱਕੇ ਅੰਬ ਕਿਤੇ ਜ਼ਿਆਦਾ ਗੁਣਕਾਰੀ ਅਤੇ ਲਾਭਕਾਰੀ ਹੁੰਦੇ ਹਨ। ਅੰਬ ਦੇ ਬੀਜ ਵੀ ਖਾਣਯੋਗ ਹੁੰਦੇ ਹਨ ਅਤੇ ਪੱਤਿਆਂ ਨੂੰ ਚਾਰੇ ਦੇ ਰੂਪ ਵਿੱਚ ਵਰਤਿਆ ਜਾ ਸਕਦਾ ਹੈ। ਇਸ ਦੇ ਪੱਤਿਆਂ ਨੂੰ ਅਨੇਕਾਂ ਧਾਰਮਿਕ ਰੀਤੀ-ਰਿਵਾਜਾਂ ਵਿੱਚ ਵਰਤਿਆ ਜਾਂਦਾ ਹੈ। ਅੰਬ ਦੇ ਬੀਜ, ਪੱਤੇ, ਗੂੰਦ ਅਤੇ ਰੇਸ਼ੇ ਆਦਿ ਤੋਂ ਅਨੇਕਾਂ ਬਿਮਾਰੀਆਂ ਲਈ ਨੁਸਖੇ ਤਿਆਰ ਕੀਤੇ ਜਾਂਦੇ ਹਨ।

ਕੁੱਲ ਮਿਲਾ ਕੇ ਅੰਬ ਸਾਡੀ ਮਨੁੱਖੀ ਜ਼ਿੰਦਗੀ ਦਾ ਅਹਿਮ ਹਿੱਸਾ ਹੈ ਅਤੇ ਸਾਨੂੰ ਅੰਬਾਂ ਦੀਆਂ ਦੇਸੀ ਕਿਸਮਾਂ ਦੀ ਸਾਂਭ-ਸੰਭਾਲ ਲਈ ਹਰ ਯਤਨ ਕਰਨੇ ਚਾਹੀਦੇ ਹਨ। ਤਰੱਕੀ ਖਾਤਰ ਕੰਕਰੀਟ ਦੀਆਂ ਇਮਾਰਤਾਂ ਖੜ੍ਹੀਆਂ ਕਰਨ ਲਈ ਪੁਰਾਣੇ ਰੁੱਖਾਂ ਦੀ ਬਲੀ ਦੇਣ ਤੋਂ ਕੰਨਾਂ ਕਤਰਾਉਣਾ ਚਾਹੀਦਾ ਹੈ। ਅੰਬੀ ਦੇ ਬੂਟੇ ਨਾਲ ਸਬੰਧਿਤ ਮਾਹੌਲ ਨੂੰ ਪ੍ਰੋ: ਮੋਹਨ ਦੀ ਕਵਿਤਾ ਅੰਬੀ ਦੇ ਬੂਟੇ ਥੱਲੇ ਦਾ ਕੋਈ ਜਵਾਬ ਨਹੀਂ। ਚੰਦ ਸ਼ਬਦ ਹੀ ਤੁਹਾਨੂੰ ਵੱਖਰੀ ਦੁਨੀਆਂ 'ਚ ਲਿਜਾਣ ਦੀ ਸ਼ਕਤੀ ਰੱਖਦੇ ਹਨ :

ਇੱਕ ਬੂਟਾ ਅੰਬੀ ਦਾ,
ਘਰ ਸਾਡੇ ਲੱਗਾ ਨੀ।
ਜਿਸ ਥੱਲੇ ਬਹਿਣਾ ਨੀ,
ਸੁਰਗਾਂ ਵਿੱਚ ਰਹਿਣਾ ਨੀ,
ਕੀ ਉਸਦਾ ਕਹਿਣਾ ਨੀ,
ਵੇਹੜੇ ਦਾ ਗਹਿਣਾ ਨੀ,
ਪਰ ਮਾਹੀ ਬਾਝੋਂ ਨੀਂ,
ਇਹ ਮੈਨੂੰ ਵੱਢਦਾ ਏ,
ਤੇ ਖੱਟਾ ਲੱਗਦਾ ਏ।

# ਗਲਤੀ ਮੰਨ ਲੈਣਾ ਅਪਮਾਨ ਨਹੀਂ, ਸਗੋਂ ਗਲਤੀ ਨੂੰ ਦਰੁਸਤ ਕਰਨ ਦੇ ਯਤਨ ਨਾ ਕਰਨਾ ਅਪਮਾਨ ਹੈ

ਮਨੁੱਖ ਗਲਤੀਆਂ ਦਾ ਪੁਤਲਾ ਹੈ। ਜੇ ਜ਼ਿੰਦਗੀ ਵਿੱਚ ਅਸੀਂ ਗਲਤੀ ਰਹਿਤ ਹੋ ਗਏ ਤਾਂ ਦੇਵਤੇ ਦਾ ਰੂਪ ਧਾਰ ਗਏ ਹਾਂ। ਜ਼ਿੰਦਗੀ ਦੇ ਹਰ ਮੋੜ ਤੇ ਗਲਤੀ ਦਾ ਪੈਗਾਮ ਹੁੰਦਾ ਹੈ। ਗਲਤੀ ਮੰਨ ਲੈਣੀ ਅਪਮਾਨ ਨਹੀਂ ਉਹਨਾਂ ਗਲਤੀਆਂ ਨੂੰ ਅਗਲੇ ਜੀਵਨ ਵਿਚ ਦਰੁੱਸਤ ਕਰਨ ਦੇ ਯਤਨ ਜਾਰੀ ਰੱਖਣੇ ਵਿਅਕਤੀ ਦਾ ਇਕ ਜੀਵਨ ਦਾ ਸਾਰਥਕ ਪੱਖ ਹੈ। ਜੇ ਕਿਸੇ ਗਲਤ ਰਸਤੇ ਤੇ ਪੈ ਗਏ ਇਹ ਕੋਈ ਤੁਹਾਡਾ ਅਪਮਾਨ ਨਹੀਂ ਪਰ ਅੱਗੇ ਤੋਂ ਗਲਤ ਰਾਹ 'ਤੇ ਜਾਣ ਅਤੇ ਨਾ ਜਾਣ ਦਾ ਯਤਨ ਕਰੋ ਕਿਉਂਕਿ ਆਦਮੀ ਡਿੱਗ ਡਿੱਗ ਕੇ ਹੀ ਸਵਾਰ ਹੁੰਦਾ ਹੈ। ਇਸ ਤਰ੍ਹਾਂ ਵਾਰ-ਵਾਰ ਡਿੱਗਣਾ ਕੋਈ ਬੇਇੱਜ਼ਤੀ ਨਹੀਂ, ਇਹ ਸਿੱਖਿਆ ਦਾ ਰਸਤਾ ਹੈ। ਪਰ ਵਾਰ-ਵਾਰ ਉਸੇ ਕੰਮ ਨੂੰ ਕਰੀ ਜਾਣਾ ਜਾਂ ਉਸ ਨੂੰ ਕਰਨ ਦੇ ਯਤਨ ਨੂੰ ਜਾਰੀ ਰੱਖਣਾ ਹੀ ਜਿੱਤ ਪ੍ਰਾਪਤੀ ਹੈ। ਜੇ ਅਸਫਲਤਾ ਮਿਲਦੀ ਹੈ ਇਹ ਕੋਈ ਅਪਮਾਨ ਜਾਂ ਬੇਇੱਜਤੀ ਵਾਲੀ ਕੋਈ ਗੱਲ ਨਹੀਂ ਸਗੋਂ ਉਸਨੂੰ ਸੁਧਾਰਨ ਦਾ ਯਤਨ ਨਾ ਕਰਨਾ ਅਪਮਾਣ ਦੇ ਪੱਖ ਵਿਚ ਚਲਾ ਜਾਂਦਾ ਹੈ। ਸਭ ਨੂੰ ਇਲਮ ਹੈ ਕਿ ਜ਼ਿੰਦਗੀ ਇਕ ਰਿਸਕ ਹੈ। ਖਤਰਿਆਂ ਭਰਪੂਰ ਜੀਵਨ ਹੈ। ਖਤਰਿਆਂ ਨੂੰ ਸਵੀਕਾਰ ਕਰਨਾ ਹੀ ਜਿੱਤ ਦਾ ਪ੍ਰਤੀਕ ਹੈ। ਖਤਰੇ ਨੂੰ ਮੰਨ ਲੈਣਾ ਅਪਮਾਨ ਨਹੀਂ ਸਗੋ ਖਤਰਿਆਂ ਦੇ ਰਸਤੇ ਨੂੰ ਦਰੁਸਤ ਕਰਨਾ ਹੀ ਅਪਮਾਨ ਦੀ ਤੱਕੜੀ ਤੇ ਚੜ੍ਹਦਾ ਹੈ। ਹਮੇਸ਼ਾ ਆਪਣੇ ਕੋਲ ਦੋ ਝੋਲੇ ਰੱਖੋ ਇਕ ਵਿਚ ਦੂਸਰਿਆਂ ਦੀ ਨਿੰਦਾ ਨਾ ਕਰਨੀ ਦੂਸਰੇ ਵਿਚ ਆਪਣੀਆਂ ਗਲਤੀਆਂ ਦੀ ਬੁਛਾੜ, ਦੂਸਰਿਆਂ ਨਿੰਦਾ ਦਾ ਝੋਨਾ ਖਾਲੀ ਕਰਦੇ ਜਾਵੋ। ਆਪਣੀਆਂ ਗਲਤੀ ਵਿਚ ਆਪਣੀਆਂ ਗਲਤੀਆਂ ਭਰਦੇ ਜਾਓ, ਇਕ ਦਿਨ ਗਲਤੀਆਂ ਦਾ ਝੋਲਾ ਭਰ ਜਾਵੇਗਾ। ਦੂਸਰਿਆਂ ਦੀ ਨਿੰਦਿਆ ਦਾ ਝੋਲਾ ਖਾਲੀ ਹੋ ਜਾਵੇਗਾ। ਜਦ ਆਪ ਦਾ ਝੋਲਾ ਭਰ ਗਿਆ। ਅੱਗੇ ਗਲਤੀ ਕਰਨ ਦੀ ਗੁੰਜਾਇਸ਼ ਮੁੱਕ ਜਾਵੇਗੀ। ਆਪ ਨਿਰੋਲ ਸੋਨੇ ਦਾ ਰੂਪ ਹੋ ਜਾਓਗੇ। ਆਪ ਕਿਸੇ ਵੀ ਨਿੰਦਿਆ ਨੂੰ ਚੰਗਾ ਨਹੀਂ ਸਮਝੋਗੇ। ਤੇ ਉਸ ਪਾਸੇ ਤੋਂ ਵੀ ਸੋਨੇ ਦਾ ਰੂਪ ਬਣ ਜਾਓਗੇ। ਸਗੋਂ ਆਪਣੀਆਂ ਗਲਤੀਆਂ ਮੰਨਣੀਆਂ ਅਪਮਾਨ ਨਹੀਂ ਸਗੋਂ ਉਹਨਾਂ ਗਲਤੀਆਂ ਨੂੰ ਨੂੰ ਜਿਵੇਂ ਦੂਜਿਆਂ ਦੀ ਨਿੰਦਾ ਕਰਨੀ ਨੂੰ ਦਰੁਸਤ ਕਰਨ ਦੇ ਯਤਨ ਕਰਨੇ ਨਾ ਹੀ ਤੁਹਾਡੀ ਸਮਾਜ ਵਿਚ ਅਪਮਾਨ ਨਹੀਂ ਨਾ ਹੀ ਪ੍ਰਮਾਤਮਾ ਕੋਲ ਅਪਮਾਨ ਦੀ ਸਨੇਹਾ ਰੂਪੀ ਦਸਤਾਨ ਹੈ।



ਜਗਜੀਤ ਸਿੰਘ ਝੱਤਰਾ,
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

**ਕਵਿਤਾਵਾਂ**

## ਦਰਦ

ਹੰਝੂ ਵੇਖ ਅੱਜ ਕਿਸੇ ਦੁੱਖੀ ਦੇ
ਦਿਲੋਂ ਮਹਿਸੂਸ ਕਰ ਦੁੱਖ ਦਰਦਾਂ।
ਕਿੰਝ ਦਬਾਉਂਦੇ ਲੋਕ ਸਦਾ ਸੱਚ ਨੂੰ
ਕਾਹਦਾ ਮੇਹਣਾ ਬਹਾਦਰ ਮਰਦਾਂ ਨੂੰ।
ਮੰਜ਼ਲ ਵਿਚ ਰਸਤੇ ਸਿੱਧੇ ਕਰਨੇ ਪੈਂਦੇ,
ਝਲਣਾ ਪੈਂਦਾ ਦੁੱਖ ਤੇ ਕਸ਼ਟਾਂ ਨੂੰ।
ਵਿਛੜੇ ਮਿਲੇ ਆਂ ਕਈ ਯੁੱਗਾਂ ਤੋਂ
ਯਾਦ ਰੱਖੀ ਕੀਮਤੀ ਕਦਰਾਂ।
ਠੰਢੀ ਜਿਹੀ ਦਵਾ ਦੇ ਜਗਜੀਤ
ਮੱਲਮ ਲਾ ਅੱਲ੍ਹੇ ਜ਼ਖਮਾਂ ਨੂੰ।

★ ★ ★ ★

## ਮੌਤ ਸੱਚ ਹੈ

ਮੁਸ਼ਕਲਾਂ ਵਿਚ ਰਾਹਾਂ ਹੁੰਦੀਆਂ,
ਹੁੰਦੇ ਨੇ ਕੱਚੀ ਰਾਹੀਂ ਕੰਡ ਮੀਆਂ।
ਕੱਪ ਤਿੜਕ ਜਾਂਦਾ ਪ੍ਰੇਮ ਭਰਿਆ,
ਨਫਰਤ ਦੀ ਮੱਖੀ ਡਿੱਗ ਮੀਆਂ।
ਦੁੱਖੀ ਕੀਤਾ ਯਾਦਾਂ ਤੇਰੀਆਂ ਨੇ,
ਤੇਰੇ ਦਰਦ ਮੇਰੇ ਸਾਹ ਮੀਆਂ।
ਮਨ ਡੁੱਬਿਆ ਵਿਚ ਸਾਗਰਾਂ ਦੇ,
ਯਾਦ ਆਉਂਦੇ ਤੇਰੇ ਬੋਲ ਮੀਆਂ।
ਦਿਲ ਦੇ ਨੁੱਕਰੇ ਪਈ ਯਾਦ ਤੇਰੀ,
ਕੱਦ ਮੁੜਣਾ ਜਾਣਾ ਸੀ ਦੱਸ ਮੀਆਂ।
ਜੀਣਾ ਝੂਠ ਹੈ ਸੱਚ ਮੌਤ ਹੁੰਦੀ,
ਜਗਜੀਤ ਵਾਰੀ ਤੁਰ ਜਾਣਾ ਮੀਆਂ।

ਜਗਜੀਤ ਸਿੰਘ ਝੱਤਰਾ, ਜ਼ਿਲਾ ਫਿਰੋਜ਼ਪੁਰ
ਮੋ: 7814490249

ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ।

ਰੌਬਿੰਗ ਦੀ ਸਮੱਸਿਆ ਤੋਂ ਬਚਣ ਲਈ ਸ਼ਹਿਦ ਕੱਢਣ ਦੌਰਾਨ ਅਤੇ ਉਪਰੰਤ ਸਾਰੇ ਸਬੰਧਤ ਲੋੜੀਂਦੇ ਇਹਤਿਆਤ ਵਰਤਣੇ ਚਾਹੀਦੇ ਹਨ। ਜੇ ਬਰੂਡ ਉੱਤੇ ਬਾਹਰੀ ਪ੍ਰਜੀਵੀ ਮਾਈਟ (ਟਰੋਪਲੀਲੈਪਸ ਕਲੈਰੀ) ਦਾ ਹਮਲਾ ਨਜ਼ਰ ਆਵੇ, ਤਾਂ ਛੱਤਿਆਂ ਦੇ ਉੱਪਰਲੇ ਡੰਡਿਆਂ ਉੱਪਰ ਸਲਫਰ ਦਾ ਧੂੜਾ ਇੱਕ ਗ੍ਰਾਮ ਪ੍ਰਤੀ ਛੱਤੇ ਦੇ ਹਿਸਾਬ ਨਾਲ ਧੂੜੋ। ਵਰੋਆ ਚਿਚੜੀ ਦਾ ਹਮਲਾ



ਹੋਣ ਦੀ ਸੂਰਤ ਸੀਲ ਡਰੋਨ ਬਰੂਡ ਵਾਲੇ ਛੱਤਿਆਂ ਦੇ ਹਿੱਸਿਆਂ ਨੂੰ ਕੱਟ ਕੇ ਨਸ਼ਟ ਕਰਨਾ, ਦੇਰ ਸ਼ਾਮ ਨੂੰ ਪੀਸੀ ਖੰਡ ਮੱਖੀਆਂ ਉੱਪਰ ਧੂੜਨਾ, ਚਿਪਕਣ ਵਾਲਾ ਕਾਗਜ਼ (ਸਟਿੱਕਰ) ਵਰੋਆ ਬੌਟਮ ਬੋਰਡ ਦੇ ਨਾਲ ਵਰਤਣਾ, ਜਿਹੇ ਗੈਰ-ਰਸਾਇਣਕ ਤਰੀਕੇ ਇਸ ਚਿਚੜੀ ਦੀ ਰੋਕਥਾਮ ਵਾਸਤੇ ਸਹਾਈ ਹੁੰਦੇ ਹਨ। ਬਰੂਡ ਬੀਮਾਰੀਆਂ ਬਾਰੇ ਸੁਚੇਤ ਰਹੋ ਅਤੇ ਇਨ੍ਹਾਂ ਦੇ ਸ਼ੱਕ ਹੋਣ ਦੀ ਸੂਰਤ ਵਿੱਚ ਝਟਪਟ ਮਾਹਿਰਾਂ ਦੀ ਸਲਾਹ ਲਉ ਅਤੇ ਸੁਝਾਏ ਲੋੜੀਂਦੇ ਰੋਕਥਾਮ ਉਪਰਾਲੇ ਕਰੋ। ਗੈਰ-ਰਸਾਇਣਕ ਤਰੀਕਿਆਂ ਨੂੰ ਤਰਜੀਹ ਦਿਉ। ਐਂਟੀਬਾਇਟਿਕ ਦਵਾਈਆਂ ਦੀ ਵਰਤੋਂ ਤੋਂ ਗੁਰੇਜ਼ ਕਰੋ।

# ਮਈ ਮਹੀਨੇ ਦੇ ਖੇਤੀ ਰੁਝੇਵੇਂ

**ਸੰਯੋਜਕ** : ਅਮਰਜੀਤ ਸਿੰਘ। **ਸੰਗ੍ਰਹਿ ਕਰਤਾ** : ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਅਲਾਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਜਸਪਾਲ ਸਿੰਘ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ

**ਖੁੰਬਾਂ ਦੀ ਕਾਸ਼ਤ** : ਕਣਕ ਦੀ ਵਾਢੀ ਤੋਂ ਬਾਅਦ ਤੂੜੀ ਨੂੰ ਸੁੱਕੀ ਜਗ੍ਹਾਂ ਤੇ ਜਮ੍ਹਾ ਕਰ ਲਉ ਤਾਂ ਜੋ ਸਤੰਬਰ ਮਹੀਨੇ ਵਿਚ ਇਸ ਨੂੰ ਬਟਨ ਖੁੰਬ ਦੀ ਕੰਪੋਸਟ ਤਿਆਰ ਕਰਨ ਲਈ ਵਰਤਿਆ ਜਾ ਸਕੇ। ਗਰਮ ਰੁੱਤ ਦੀ ਪਰਾਲੀ ਵਾਲੀ ਖੁੰਬ ਦੀ ਕਾਸ਼ਤ ਲਈ ਕਮਰਿਆਂ ਨੂੰ ਸਾਫ ਅਤੇ ਕੀਟਾਣੂੰ ਰਹਿਤ ਕਰ ਲਉ। ਪਰਾਲੀ ਖੁੰਬ ਦੀ ਕਾਸ਼ਤ ਲਈ ਪਰਾਲੀ ਦੇ 1 ਤੋਂ ਡੇਢ ਕਿੱਲੋ ਦੇ ਪੂਲੇ ਬਣਾ ਕੇ ਪਾਣੀ ਨਾਲ ਚੰਗੀ ਤਰ੍ਹਾਂ ਗਿੱਲਾ ਕਰ ਲਉ। ਭਿੱਜੇ ਹੋਏ ਪੂਲਿਆਂ ਵਿਚ ਬੀਜ਼ ਪਾ ਕੇ ਕਾਸ਼ਤ ਲਈ ਬੈਡ ਤਿਆਰ ਕਰੋ। ਹਰ ਰੋਜ਼ ਬੈਡਾਂ ਅਤੇ ਕਮਰਿਆਂ ਦੇ ਫਰਸ਼ ਉੱਪਰ ਦੋ ਵਾਰ ਪਾਣੀ ਦਾ ਛਿੜਕਾਅ ਕਰੋ। ਰੇਸ਼ਾ ਫੈਲਣ ਦੇ 10-12 ਦਿਨਾਂ ਬਾਅਦ ਅੰਡੇ ਵਰਗੀ ਪਰਾਲੀ ਖੁੰਬਾਂ ਦੀ ਤੁੜਾਈ ਸ਼ੁਰੂ ਹੋ ਜਾਂਦੀ ਹੈ ਜੋ ਕਿ ਇਕ ਮਹੀਨੇ ਤੱਕ ਚਲਦੀ ਹੈ। ਗਰਮ ਰੁੱਤ ਦੀ ਮਿਲਕੀ ਖੁੰਬ ਦੀ ਕਾਸ਼ਤ ਲਈ ਤੂੜੀ ਨੂੰ ਪਾਣੀ ਵਿਚ ਉਬਾਲ ਕੇ ਠੰਡਾ ਕਰਕੇ ਉਸ ਵਿਚ ਬੀਜ ਮਿਲਾ ਕੇ ਬੈਗਾਂ ਵਿਚ ਭਰਿਆ ਜਾਂਦਾ ਹੈ। ਰੇਸ਼ਾ ਫੈਲਣ (15-18 ਦਿਨ) ਤੋਂ ਬਾਅਦ, ਕੇਸਿੰਗ ਮਿੱਟੀ ਦੀ ਪਰਤ ਵਿਛਾ ਦਿਉ। ਖੁੰਬਾਂ ਦੀ ਤੁੜਾਈ ਜਾਰੀ ਰਹਿਣ (30 ਦਿਨ) ਤੱਕ ਹਰ ਰੋਜ਼ ਦਿਨ ਵਿਚ ਦੋ ਵਾਰ ਪਾਣੀ ਦਾ ਛਿੜਕਾਅ ਕਰੋ।

**ਡੇਅਰੀ ਫਾਰਮਿੰਗ** :

1. ਮੱਝਾਂ ਵਿੱਚ ਗਰਮੀ ਦੇ ਮਹੀਨਿਆਂ ਵਿੱਚ ਗੂੰਗੇ ਹੇਹੇ ਦੀ ਮੁਸ਼ਕਿਲ ਆ ਜਾਂਦੀ ਹੈ। ਸਵੇਰੇ-ਸਵੇਰੇ ਅਤੇ ਸ਼ਾਮ ਵੇਲੇ ਹੇਹੇ ਦੀਆਂ ਨਿਸ਼ਾਨੀਆਂ ਨੂੰ ਧਿਆਨ ਨਾਲ ਵੇਖਣਾ ਚਾਹੀਦਾ ਹੈ। ਜੇ ਮੱਝਾਂ ਤਾਰਾਂ ਕਰਦੀਆਂ




ਹਨ ਤਾਂ ਇਹ ਹੇਹੇ ਦੀ ਨਿਸ਼ਾਨੀ ਹੈ। ਪਸ਼ੂਆਂ ਨੂੰ ਹੇਹੇ ਵਿਚ ਆਉਣ ਦੇ 10-12 ਘੰਟੇ ਬਾਅਦ ਗਰਭਦਾਨ ਕਰਵਾਓ।

2. ਜੇ ਪਸ਼ੂਆਂ ਨੂੰ ਗਲ-ਘੋਟੂ ਅਤੇ ਧਫੜੀ ਰੋਗ ਦੇ ਟੀਕੇ ਨਾ ਲਗਵਾਏ ਹੋਣ ਤਾਂ ਇਹ ਬਿਮਾਰੀਆਂ ਵੱਡਾ ਨੁਕਸਾਨ ਕਰ ਸਕਦੀਆਂ ਹਨ। ਸੋ ਜੇ ਟੀਕੇ ਪਹਿਲਾਂ ਨਹੀਂ ਲਵਾਏ ਤਾਂ ਲਵਾ ਲੈਣੇ ਚਾਹੀਦੇ ਹਨ।

3. ਪਸ਼ੂਆਂ ਨੂੰ ਚਿੱਚੜਾਂ, ਜੂੰਆਂ ਅਤੇ ਮੱਖੀਆਂ ਤੋਂ ਬਚਾਉਣਾ ਚਾਹੀਦਾ ਹੈ। ਸੋ, ਇਨ੍ਹਾਂ ਦੇ ਖਾਤਮੇ ਲਈ ਡਾਕਟਰ ਦੀ ਸਲਾਹ ਨਾਲ ਦਵਾਈ ਦਾ ਸਹੀ ਇਸਤੇਮਾਲ ਕਰਨਾ ਚਾਹੀਦਾ ਹੈ।

4. ਇਸ ਮੌਸਮ ਵਿੱਚ ਪਸ਼ੂਆਂ ਨੂੰ



ਹਵਾਦਾਰ ਸ਼ੈੱਡ ਅੰਦਰ ਰੱਖੋ। ਉਨ੍ਹਾਂ ਨੂੰ ਠੰਢਾ ਅਤੇ ਤਾਜ਼ਾ ਪਾਣੀ ਦਿਉ। ਵਧੇਰੇ ਦੁੱਧ ਦੇਣ ਵਾਲੇ ਪਸ਼ੂਆਂ ਦਾ ਇਸ ਮੌਸਮ ਵਿੱਚ ਖਾਸ ਖਿਆਲ ਰੱਖਣਾ ਚਾਹੀਦਾ ਹੈ। ਜੇ ਲੋੜ ਹੋਵੇ ਤਾਂ ਸ਼ੈੱਡ ਅੰਦਰ ਕੂਲਰ ਅਤੇ ਛੱਤ ਵਾਲੇ ਪੱਖੇ ਮੁਹੱਈਆ ਕਰਨੇ ਚਾਹੀਦੇ ਹਨ ਅਤੇ ਪਾਣੀ ਦੇ ਛਿੜਕਾਅ ਲਈ ਫੁਹਾਰੇ ਲਗਾਓ, ਤਾਂ ਜੋ ਲੋੜੀਂਦਾ ਤਾਪਮਾਨ ਬਰਕਰਾਰ ਰੱਖਿਆ ਜਾ ਸਕੇ।

5. ਜੇ ਗਰਮੀ ਨਾਲ ਪਸ਼ੂ ਦੀ ਨਕਸੀਰ ਫੁੱਟ ਜਾਵੇ ਤਾਂ ਉਸ ਦਾ ਸਿਰ ਉਪਰ ਚੁੱਕ ਕੇ ਬਰਫ ਵਾਲਾ ਠੰਢਾ ਪਾਣੀ ਸਿਰ ਉੱਪਰ ਪਾਉਣਾ ਚਾਹੀਦਾ ਹੈ।

6. ਜੇ ਪਸ਼ੂਆਂ ਦਾ ਤਾਪ ਵਧਦਾ ਹੋਵੇ ਤਾਂ ਨੇੜੇ ਦੀ ਲੈਬਾਰਟਰੀ ਤੋਂ ਖ਼ੂਨ ਟੈਸਟ ਕਰਵਾਉਣਾ ਚਾਹੀਦਾ ਹੈ।


7. ਪਸ਼ੂਆਂ ਨੂੰ ਖੁਰਾਕ ਠੰਡੇ ਵੇਲੇ, ਭਾਵ ਸਵੇਰੇ ਅਤੇ ਸ਼ਾਮ ਨੂੰ ਪਾਓ।

8. ਜੇਕਰ ਪਸ਼ੂ ਪੀਲਾ ਪੇਸ਼ਾਬ ਕਰਦੇ ਹਨ ਤਾਂ ਉਹਨਾਂ ਨੂੰ 50 ਗਰਾਮ ਨਮਕ ਦੇਵੋ ਤਾਂ ਜੋ ਉਹ ਪਾਣੀ ਵੱਧ ਪੀਣ।

**ਮੁਰਗੀ ਪਾਲਣ** : 1. ਪਾਣੀ ਦੀ ਵਧਦੀ ਹੋਈ ਮੰਗ ਦੇਖਦੇ ਹੋਏ ਪਾਣੀ ਵਾਲੇ ਬਰਤਨਾਂ ਦੀ ਗਿਣਤੀ ਦੁੱਗਣੀ ਕਰ ਦੇਣੀ ਚਾਹੀਦੀ ਹੈ। ਪਾਣੀ ਨੂੰ ਜ਼ਿਆਦਾ ਵਾਰੀ ਬਦਲਣਾ ਚਾਹੀਦਾ ਹੈ। ਤਾਂ ਜੋ ਮੁਰਗੀਆਂ ਨੂੰ ਠੰਢਾ ਪਾਣੀ ਮਿਲ ਸਕੇ।

2. ਸ਼ੈੱਡ ਵਿਚ ਫੁਹਾਰੇ ਅਤੇ ਕੂਲਰ ਲਗਾਓ। ਸ਼ੈੱਡ ਦੇ ਆਲੇ-ਦੁਆਲੇ ਰੁੱਖ ਲਗਾਉਣੇ ਚਾਹੀਦੇ ਹਨ ਕਿਉਂਕਿ ਹਰਿਆਵਲ ਗਰਮੀ ਨੂੰ ਘਟਾਉਂਦੀ ਹੈ। ਸ਼ੈੱਡ ਦੀ ਛੱਤ ਨੂੰ ਚਿੱਟੀ ਕਲੀ ਕਰ ਦੇਣੀ ਚਾਹੀਦੀ ਹੈ ਤਾਂ ਜੋ ਗਰਮੀ ਦੇ ਅਸਰ ਨੂੰ ਘੱਟ ਕੀਤਾ ਜਾ ਸਕੇ।

3. ਖੁਰਾਕ ਵਿੱਚ ਪ੍ਰੋਟੀਨ, ਧਾਤਾਂ, ਇਲੈਕਟਰੋਲਾਈਟ ਅਤੇ ਵਿਟਾਮਿਨ ਦੀ ਮਾਤਰਾ ਵਧਾ ਦੇਣੀ ਚਾਹੀਦੀ ਹੈ ਤਾਂ ਜੋ ਮੁਰਗੀਆਂ ਨੂੰ ਲੋੜੀਂਦੇ ਤੱਤ ਮਿਲ ਸਕਣ।



4. ਵੱਧ ਰਹੀਆਂ ਪੱਠਾਂ (6-10 ਹਫਤੇ) ਨੂੰ ਦਿਨ ਦੀ ਰੌਸ਼ਨੀ ਹੀ ਦੇਣੀ ਚਾਹੀਦੀ ਹੈ ਪਰ ਅੰਡੇ ਦੇ ਰਹੀਆਂ ਮੁਰਗੀਆਂ ਨੂੰ ਤੜਕੇ ਸਵੇਰੇ ਅਤੇ ਰਾਤ ਨੂੰ ਬਲਬਾਂ ਦੀ ਰੌਸ਼ਨੀ ਦੇ ਕੇ 16 ਘੰਟੇ ਰੌਸ਼ਨੀ ਪੂਰੀ ਕਰ ਦੇਣੀ ਚਾਹੀਦੀ ਹੈ।

5. ਛੱਤ ਉੱਪਰ ਸਰਕੰਡੇ ਦੀ 2 ਇੰਚ ਮੋਟੀ ਤਹਿ ਵਿਛਾਉ ਤਾਂ ਜੋ ਸ਼ੈੱਡ ਅੰਦਰਲੇ ਤਾਪਮਾਨ ਨੂੰ ਘਟਾਇਆ ਜਾ ਸਕੇ।

6. 6-8 ਹਫਤੇ ਦੀ ਉਮਰ ਤੇ ਪੱਠਾਂ ਨੂੰ ਰਾਣੀ ਖੇਤ ਦੇ ਆਰ-2 ਬੀ ਟੀਕੇ ਲਗਾਉਣੇ ਚਾਹੀਦੇ ਹਨ। ਇਹ ਦਵਾਈ ਪਾਣੀ ਜਾਂ ਲੱਸੀ ਵਿੱਚ ਨਹੀਂ ਪਿਲਾਉਣੀ ਚਾਹੀਦੀ। ਟੀਕੇ ਲੱਗੀਆਂ ਮੁਰਗੀਆਂ ਨੂੰ ਵਿਟਾਮਿਨ ਪਾਣੀ ਵਿੱਚ ਦੇਣੇ ਚਾਹੀਦੇ ਹਨ ਤਾਂ ਜੋ ਟੀਕਿਆਂ ਦੇ ਮਾੜੇ ਅਸਰ ਨੂੰ ਘਟਾਇਆ ਜਾ ਸਕੇ।

7. ਜੇ ਅੰਡਿਆਂ ਦੀ ਪੈਦਾਵਾਰ ਵਿੱਚ ਅਚਾਨਕ ਗਿਰਾਵਟ ਆ ਜਾਵੇ ਤਾਂ ਮੁਰਗੀਆਂ ਦੇ ਮਾਹਿਰ ਨਾਲ ਸੰਪਰਕ ਕਰਨਾ ਚਾਹੀਦਾ ਹੈ।

8. ਸੁੱਕ ਵਿਧੀ ਸਿਸਟਮ ਵਿੱਚ ਮੁਰਗੀਆਂ ਨੂੰ ਸਮੇਂ ਸਿਰ ਮਲ੍ਹੱਪ ਰਹਿਤ ਕਰੋ।

9. ਮੁਰਗੀਆਂ ਨੂੰ ਖੁਰਾਕ ਠੰਡੇ ਸਮੇਂ ਭਾਵ ਸਵੇਰੇ ਅਤੇ ਸ਼ਾਮ ਨੂੰ ਪਾਓ ਅਤੇ ਫੀਡ ਵਿਚ ਤੇਲ ਦੀ ਮਾਤਰਾ 1-2% ਤੱਕ ਵਧਾ ਦਿਓ ਤਾਂ ਜੋ ਗਰਮੀਆਂ ਵਿਚ ਊਰਜਾ ਦੀ ਲੋੜ ਨੂੰ ਪੂਰਾ ਕੀਤਾ ਜਾ ਸਕੇ। ਛੱਤ ਉੱਪਰ ਪਾਣੀ ਦੀ ਟੈਂਕੀ ਪੂਰੀ ਨਾ ਭਰੋ। ਪਾਣੀ ਵਿਚ 250 ਮਿਲੀਲਿਟਰ ਸਿਰਕਾ ਅਤੇ 120 ਮਿਲੀਲਿਟਰ ਸੈਨੀਟਾਈਜ਼ਰ 100 ਲਿਟਰ ਪਾਣੀ ਵਿਚ ਪਾਓ ਤਾਂ ਜੋ ਬਿਮਾਰੀ ਪੈਦਾ ਕਰਨ ਵਾਲੇ ਕੀਟਾਣੂਆਂ ਦਾ ਖਾਤਮਾ ਕੀਤਾ ਜਾ ਸਕੇ ਅਤੇ 10 ਗ੍ਰਾਮ ਨਸ਼ਾਦਰ 100 ਲਿਟਰ ਪਾਣੀ ਵਿਚ ਪਾਓ ਤਾਂ ਜੋ ਪਾਣੀ ਵਿਚ ਠੰਡਕ ਪੈਦਾ ਕੀਤੀ ਜਾ ਸਕੇ।

10. ਸ਼ੈੱਡ ਦਾ ਤਾਪਮਾਨ ਦੇਖਦੇ ਰਹੋ।

# ਜਲੰਧਰ ਜ਼ਿਲ੍ਹੇ ’ਚ ਪਹਿਲੀ ਵਾਰ ਜੈਵਿਕ ਢੰਗ ਨਾਲ ਬੀਜੀ ਕਾਲੀ ਕਣਕ

ਖੇਤੀ ਵਿਭਿੰਨਤਾ 'ਚ ਪੈਰ ਧਰਦਿਆਂ ਜ਼ਿਲ੍ਹੇ ਦੇ ਕਿਸਾਨ ਨੇ ਪਹਿਲੀ ਵਾਰ ਬਿਨਾਂ ਰਸਾਇਣਿਕ ਖਾਦਾਂ ਤੇ ਦਵਾਈ ਤੋਂ ਜੈਵਿਕ ਢੰਗ ਨਾਲ ਕਾਲੀ



ਕਣਕ ਦੀ ਖੇਤੀ ਕੀਤੀ ਹੈ। ਖੇਤੀ ਮਾਹਰਾਂ ਮੁਤਾਬਕ ਕਣਕ ਦੀ ਇਹ ਕਿਸਮ ਵ੍ਹੀਟ ਐਲਰਜੀ ਤੇ ਸ਼ੂਗਰ ਦੇ ਮਰੀਜ਼ਾਂ ਲਈ ਬਹੁਤ ਹੀ ਲਾਹੇਵੰਦ ਹੈ ਅਤੇ ਇਸ ਨਾਲ ਕਿਸਾਨਾਂ ਦੀ ਆਮਦਨ ਵੀ ਵੱਧ ਹੁੰਦੀ ਹੈ।

ਖੇਤੀਬਾੜੀ ਵਿਭਾਗ ਵੱਲੋਂ ਕਿਸਾਨ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਜਾ ਰਹੀ ਹੈ ਅਤੇ ਕਣਕ ਦੇ ਮੰਡੀਕਰਨ 'ਚ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਵੀ ਦਿੱਤਾ ਗਿਆ ਹੈ। ਜੰਡਿਆਲਾ ਮੰਜਕੀ ਨੇੜਲੇ ਪਿੰਡ ਮਸ਼ਿਆਣਾ ਦੇ ਕਿਸਾਨ ਕੁਲਵਿੰਦਰ ਸਿੰਘ ਨੇ ਪਹਿਲੀ ਵਾਰ ਤਜਰਬੇ ਦੇ ਤੌਰ 'ਤੇ 5 ਕਨਾਲ 'ਚ ਇਸ ਕਣਕ ਦੀ ਖੇਤੀ ਕੀਤੀ ਹੈ।

ਇਸ ਸਬੰਧੀ ਗੱਲਬਾਤ ਕਰਦਿਆਂ ਕਿਸਾਨ ਕੁਲਵਿੰਦਰ ਸਿੰਘ ਮਸ਼ਿਆਣਾਂ ਨੇ ਦੱਸਿਆ ਕਿ ਉਹ ਪਿਛਲੇ ਕਾਫੀ ਸਮੇਂ ਤੋਂ ਸੰਘਰਸ਼ ਕਰ ਰਹੀ ਕਿਸਾਨ ਜਥੇਬੰਦੀ ਬੀ ਕੇ ਯੂ ਏਕਤਾ ਸਿੱਧੂਪੁਰ ਨਾਲ ਜੁੜੇ ਹੋਏ ਹਨ।

ਸੰਘਰਸ਼ ਦੌਰਾਨ ਉਨ੍ਹਾਂ ਦੀ ਜਥੇਬੰਦੀ ਦੇ ਫਿਰੋਜ਼ਪੁਰ ਨਾਲ ਸਬੰਧਤ ਕਿਸਾਨ ਸਾਥੀ, ਜੋ ਖੁਦ ਕਾਲੀ ਕਣਕ ਦੀ ਖੇਤੀ ਕਰ ਰਿਹਾ ਹੈ, ਨੇ ਖੇਤੀ ਵਿਭਿੰਨਤਾ ਤਹਿਤ ਇਸ ਦੀ ਬਿਜਾਈ ਲਈ ਪ੍ਰੇਰਿਤ ਕੀਤਾ ਸੀ ਤਾਂ ਜੋ ਜ਼ਹਿਰਾਂ ਤੋਂ ਮੁਕਤ ਅਨਾਜ ਪੈਦਾ ਕਰ ਕੇ ਆਪਣਾ ਅਤੇ ਹੋਰਨਾਂ ਦਾ ਭਲਾ ਕੀਤਾ ਜਾ ਸਕੇ। ਕਿਸਾਨ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ 5 ਕਨਾਲ 'ਚ ਇਸ ਕਿਸਮ ਦੀ ਬਿਜਾਈ ਕੀਤੀ ਸੀ ਤੇ ਇਸ ਦੇ ਪਾਲਣ-ਪੋਸ਼ਣ 'ਚ ਰਸਾਇਣਿਕ ਖਾਦਾਂ, ਕੀਟਨਾਸ਼ਕਾਂ ਤੇ ਨਦੀਨਨਾਸ਼ਕਾਂ ਦੀ ਬਿਲਕੁਲ ਹੀ ਵਰਤੋਂ ਨਹੀਂ ਕੀਤੀ। ਉਨ੍ਹਾਂ ਦੱਸਿਆ ਕਿ 1 ਕਨਾਲ ਪਿੱਛੇ 5 ਕਿੱਲੋ ਬੀਜ ਪਾਇਆ ਗਿਆ ਸੀ ਪਰ ਕਣਕ ਦਾ ਝਾੜ ਆਮ ਕਣਕ ਵਾਂਗ ਹੀ ਨਿਕਲਿਆ ਹੈ।

ਕੁਲਵਿੰਦਰ ਸਿੰਘ ਨੇ ਜ਼ਿਲ੍ਹੇ ਦੇ ਹੋਰ ਕਿਸਾਨ ਵੀਰਾਂ ਨੂੰ ਰਸਾਇਣਿਕ ਜ਼ਹਿਰਾਂ ਦੀ ਵਰਤੋਂ ਛੱਡ ਕੇ ਜੈਵਿਕ ਖੇਤੀ ਵੱਲ ਕਦਮ ਵਧਾਉਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹਾ ਕਰ ਕੇ ਹੀ ਅਸੀਂ ਆਪ ਵੀ ਰੋਗਮੁਕਤ ਰਹਿ ਸਕਦੇ ਹਾਂ ਤੇ ਹੋਰ ਲੋਕਾਂ ਨੂੰ ਵੀ ਤੰਦਰੁਸਤ ਰੱਖ ਸਕਦੇ ਹਾਂ।

## ਸ਼ੂਗਰ ਤੇ ਵ੍ਹੀਟ ਐਲਰਜੀ ਵਾਲਿਆਂ ਲਈ ਲਾਹੇਵੰਦ ਹੈ ਕਾਲੀ ਕਣਕ : ਠਾਕੁਰ



ਜ਼ਿਲ੍ਹਾ ਮੁੱਖ ਮੰਤਰੀ ਖੇਤੀਬਾੜੀ ਅਫਸਰ ਡਾ. ਰਣਧੀਰ ਸਿੰਘ ਠਾਕੁਰ ਨੇ ਕਿਸਾਨ ਕੁਲਵਿੰਦਰ ਸਿੰਘ ਵੱਲੋਂ ਖੇਤੀ ਵਿਭਿੰਨਤਾ ਅਪਣਾ ਕੇ ਕਾਲੀ ਕਣਕ ਦੀ ਖੇਤੀ ਕਰਨ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਨਾਲ ਕਿਸਾਨਾਂ ਦੀ ਆਮਦਨ ਵਧੇਗੀ ਅਤੇ ਲੋਕਾਂ ਤੇ ਧਰਤੀ ਦੀ ਸਿਹਤ ਵੀ ਠੀਕ ਹੋਵੇਗੀ। ਉਨ੍ਹਾਂ ਕਿਹਾ ਕਿ ਕਾਲੀ ਕਣਕ ਸ਼ੂਗਰ ਤੇ ਵ੍ਹੀਟ ਐਲਰਜੀ ਵਾਲਿਆਂ ਲਈ ਬਹੁਤ ਹੀ ਲਾਹੇਵੰਦ ਹੈ। ਕਣਕ ਦੀ ਇਸ ਕਿਸਮ 'ਚ ਜਿੱਥੇ ਐਂਟੀਓਕਸੀਡੈਂਟ ਤੇ ਡਾਇਟਰੀ ਫਾਇਬਰ ਦੀ ਮਾਤਰਾ ਵਧ ਹੁੰਦੀ ਹੈ, ਉੱਥੇ ਇਸ ਵਿਚ ਗਲੂਟਨ ਨਾਮਾਤਰ ਹੁੰਦਾ ਹੈ। ਇਸ ਕਣਕ 'ਚ ਮੌਜੂਦ ਐਂਥੋਸਾਈਨਿਨ ਮਨੁੱਖੀ ਸਰੀਰ ਅੰਦਰ ਆਪਣੇ-ਆਪ ਬਣਨ ਵਾਲੇ ਹਾਨੀਕਾਰਕ ਕਣਾਂ ਨੂੰ ਰੋਕਦਾ ਹੈ। ਡਾ. ਰਣਧੀਰ ਸਿੰਘ ਠਾਕੁਰ ਨੇ ਕਿਹਾ ਕਿ ਇਸ ਦਾ ਝਾੜ ਆਮ ਕਣਕ ਵਾਂਗ ਹੀ ਹੁੰਦਾ ਪਰ ਇਸ ਦਾ ਮੁੱਲ ਹੋਣ ਕਰਕੇ ਕਿਸਾਨਾਂ ਦਾ ਆਮਦਨ ਵੀ ਵੱਧਦੀ ਹੈ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਜ਼ਿਲ੍ਹੇ 'ਚ ਪਹਿਲੀ ਵਾਰ ਅਜਿਹਾ ਉਪਰਾਲਾ ਕਰਨ ਵਾਲੇ ਕਿਸਾਨ ਕੁਲਵਿੰਦਰ ਸਿੰਘ ਦਾ ਮੰਡੀਕਰਨ 'ਚ ਹਰ ਤਰ੍ਹਾਂ ਨਾਲ ਸਹਿਯੋਗ ਕੀਤਾ ਜਾਵੇਗਾ। ਉਨ੍ਹਾਂ ਜ਼ਿਲ੍ਹੇ ਦੇ ਹੋਰ ਕਿਸਾਨਾਂ ਨੂੰ ਵੀ ਖੇਤੀ ਵਿਭਿੰਨਤਾ ਅਪਣਾਉਣ ਦੀ ਅਪੀਲ ਕੀਤੀ।

# ਪਸ਼ੂਆਂ ਨੂੰ ਸਿਹਤਮੰਦ ਰੱਖਣ ਲਈ ਸੰਪੂਰਨ ਮਿਸ਼ਰਤ ਖੁਰਾਕ ਵਰਤੋ



ਮਧੂ ਸ਼ੈਲੀ, ਪਸਾਰ ਵਿਗਿਆਨੀ, ਮੋਬਾਇਲ : 96434-42427

ਸੰਪੂਰਨ ਮਿਸ਼ਰਤ ਖੁਰਾਕ ਵਿੱਚ ਪਸ਼ੂ ਖੁਰਾਕ ਦੀਆਂ ਸਾਰੀਆਂ ਵਸਤਾਂ ਜਿਵੇਂ ਚਾਰਾ-ਸੁੱਕਾ ਅਤੇ ਹਰਾ, ਦਾਣੇ, ਵੰਡ, ਵੱਖ-ਵੱਖ ਖਲ੍ਹਾਂ, ਖਣਿਜ, ਵਿਟਾਮਿਨ (ਲੋੜੀਂਦੇ) ਅਤੇ ਉਦਯੋਗਿਕ ਰਹਿੰਦ ਖੂੰਹਦ ਤੋਲ ਕੇ ਚੰਗੀ ਤਰ੍ਹਾਂ ਮਿਲਾਈਆਂ ਜਾਂਦੀਆਂ ਹਨ। ਇਸ ਵਿਧੀ ਨਾਲ ਦੁੱਧ ਦੀ ਪੈਦਾਵਾਰ ਅਤੇ ਇਕਸਾਰਤਾ ਵੱਧ ਜਾਦੀ ਹੈ, ਜਿਸ ਨਾਲ ਪਸ਼ੂ ਪਾਲਕ ਦਾ ਮੁਨਾਫਾ ਵੱਧਦਾ ਹੈ ਅਤੇ ਮਿਹਨਤ ਘੱਟਦੀ ਹੈ। ਸੰਪੂਰਨ ਮਿਸ਼ਰਤ ਖੁਰਾਕ ਦੇਣ ਦਾ ਸਭ ਤੋਂ ਵੱਧ ਫਾਇਦਾ ਇਹ ਹੈ ਕਿ ਪਸ਼ੂ ਖੁਰਾਕ ਚੁਣ-ਚੁਣ ਕੇ ਨਹੀਂ ਖਾ ਸਕਦਾ ਜਿਸ ਨਾਲ ਫਾਰਮ ਤੇ ਇਕੋ ਜਿਹੇ ਸਾਰੇ ਪਸ਼ੂ ਸੰਤੁਲਿਤ ਖੁਰਾਕ ਦਾ ਆਨੰਦ ਮਾਨ ਸਕਦੇ ਹਨ। ਵਾੜੇ ਵਿਚ ਕਈ ਵਾਰ ਲੜਾਕੇ ਪਸ਼ੂ ਦੂਜੇ ਪਸ਼ੂਆਂ ਤੋਂ ਪਹਿਲਾਂ ਖੁਰਾਕ ਲੈਂਦੇ ਹਨ ਅਤੇ ਸਵਾਦਲੇ ਤੱਤ ਚੁਣ ਚੁਣ ਕੇ ਖਾ ਜਾਂਦੇ ਹਨ। ਪਰ ਇਸ ਵਿਧੀ ਨਾਲ ਇਹ ਮੁਸ਼ਕਿਲ ਘਟ ਜਾਂਦੀ ਹੈ। ਇਸ ਖੁਰਾਕ ਨਾਲ ਪਸ਼ੂਆਂ ਦੀ ਪ੍ਰਜਨਣ ਸ਼ਕਤੀ ਵੱਧਦੀ ਹੈ ਅਤੇ ਸੂਣ ਵੇਲੇ ਆਉਣ ਵਾਲੀਆਂ ਸਮੱਸਿਆਵਾਂ ਵੀ ਦੂਰ ਹੁੰਦੀਆਂ ਹਨ।

ਸੰਪੂਰਨ ਮਿਸ਼ਰਤ ਖੁਰਾਕ ਦੇਣ ਨਾਲ ਖੇਤੀਬਾੜੀ ਦੇ ਬਚੇ ਹੋਏ ਪਦਾਰਥ ਅਤੇ ਉਦਯੋਗਿਕ ਰਹਿੰਦ-ਖੂੰਹਦ ਦੇਣਾ ਸੌਖਾ ਹੁੰਦਾ ਹੈ ਅਤੇ ਇਨ੍ਹਾਂ ਦੀ ਵਰਤੋਂ ਵੀ ਕਿਸਾਨ ਦਾ ਮੁਨਾਫਾ ਵਧਾਉਂਦੀ ਹੈ। ਇਹ ਚੀਜ਼ਾਂ ਸਸਤੀਆਂ ਪੈਂਦੀਆਂ ਹਨ, ਕਈ ਵਾਰ ਇਨ੍ਹਾਂ ਦੀ ਖੁਰਾਕੀ ਮਹੱਤਤਾ ਕਾਫੀ ਹੁੰਦੀ ਹੈ (ਜਿਵੇਂ ਬਰੀਉਰੀ ਵੇਸਟ), ਵਾਤਾਵਰਣ ਵੀ ਸਾਫ ਰਹਿੰਦਾ ਹੈ ਅਤੇ ਸੰਪੂਰਨ ਮਿਸ਼ਰਤ ਖੁਰਾਕ ਨਾਲ ਇਹ ਪਦਾਰਥ ਦੇਣੇ ਸੌਖਾ ਹੁੰਦਾ ਹੈ। ਇਸ ਲਈ ਖੁਰਾਕ ਵਿਚ ਬਦਲਾਅ ਕਰਨਾ ਵੀ ਸੌਖਾ ਹੋ ਜਾਂਦਾ ਹੈ ਕਿਉਕਿ ਕੁਝ ਨਵੇਂ ਤੱਤ ਅਸਾਨੀ ਨਾਲ ਪਹਿਲੇ ਖੁਰਾਕੀ ਤੱਤਾਂ ਵਿਚ ਮਿਲਾਏ ਜਾ ਸਕਦੇ ਹਨ ਅਤੇ ਸਵਾਦ ਵਿਚ ਜ਼ਿਆਦਾ ਫਰਕ ਨਹੀਂ ਪੈਂਦਾ।

**ਸੰਪੂਰਨ ਮਿਸ਼ਰਤ ਖੁਰਾਕ ਦੇਣ ਦੇ ਫਾਇਦੇ :**

ਪਸ਼ੂ ਦੀ ਸੁੱਕਾ ਮਾਦਾ ਖਾਣ ਦੀ ਸਮਰੱਥਾ ਵੱਧਦੀ ਹੈ, ਦੁੱਧ ਵਿਚ ... ਦੀ ਮਾਤਰਾ ਵੱਧਦੀ ਹੈ ... ਇਕਸਾਰ ਰਹਿੰਦੀ ਹੈ ... ਵਿਚ), ਤਰਲ ਖੁਰਾਕੀ ... ਵਿਚ ਅਸਾਨੀ ਨਾਲ

# ਖਤਮ ਹੋ ਗਈਆਂ 'ਵਾਢੀ' ਦੀਆਂ ਕਈ ਰਸਮਾਂ

ਮੋਹਰ ਗਿੱਲ ਸਿਰਸੜੀ, ਪਿੰਡ ਸਿਰਸੜੀ, ਨੇੜੇ ਕੋਟਕਪੂਰਾ, ਫਰੀਦਕੋਟ-151207 (ਮੋ. 98156-59110)

ਤੇਜ਼ੀ ਨਾਲ ਵਧਦੇ ਮਸ਼ੀਨੀਕਰਨ ਦੇ ਅਜੋਕੇ ਯੁੱਗ ਵਿੱਚ ਜਿੱਥੇ ਕੰਮ ਕਰਨਾ ਕਾਫ਼ੀ ਜ਼ਿਆਦਾ ਸੁਖਾਲਾ ਹੋ ਗਿਆ ਹੈ, ਉੱਥੇ ਹੀ ਕੰਮ 'ਤੇ ਲੱਗਣ ਵਾਲਾ ਸਮਾਂ ਵੀ ਕਾਫ਼ੀ ਜ਼ਿਆਦਾ ਘੱਟ ਗਿਆ ਹੈ। ਮਸ਼ੀਨੀਕਰਨ ਦੀ ਅਣਹੋਂਦ



ਵਿੱਚ ਵਾਢੀ ਦਾ ਸੀਜ਼ਨ ਕਿਸੇ ਸਮੇਂ ਡੇਢ ਤੋਂ ਦੋ ਮਹੀਨਿਆਂ ਤੱਕ ਚੱਲਦਾ ਰਹਿੰਦਾ ਹੈ। ਹੁਣ ਵਾਢੀ ਦਾ ਸਾਰਾ ਕੰਮ ਸਿਰਫ ਕੁਝ ਦਿਨਾਂ ਵਿੱਚ ਹੀ ਨਿਪਟ ਜਾਂਦਾ ਹੈ। ਜਿਉਂ-ਜਿਉਂ ਮਸ਼ੀਨੀਕਰਨ ਵਧਦਾ ਗਿਆ, ਤਿਉਂ-ਤਿਉਂ ਵਾਢੀ ਦੇ ਸੀਜ਼ਨ ਨਾਲ ਜੁੜੇ ਕਈ ਕੰਮ ਤੇ ਰਸਮਾਂ ਵੀ ਅਲੋਪ ਹੋ ਗਈਆਂ, ਜਿਨ੍ਹਾਂ ਦਾ ਆਪਣੇ ਸਮੇਂ ਵਿੱਚ ਵਿਸ਼ੇਸ਼ ਮਹੱਤਵ ਸੀ।

**ਵਿੜ੍ਹੀ ਕਰਨਾ**

ਜਿਵੇਂ ਕਿ ਨਾਂਅ ਤੋਂ ਸਪੱਸ਼ਟ ਹੈ ਕਿ ਭਾਈਚਾਰਕ ਰੂਪ ਵਿੱਚ ਇੱਕ-ਦੂਜੇ ਨਾਲ ਵਾਢੀ ਦਾ ਕੰਮ ਕਰਵਾਉਣਾ। ਪੁਰਾਤਨ ਸਮੇਂ ਵਿੱਚ ਵਾਢੀ ਦਾ ਕੰਮ ਹੱਥੀਂ ਭਾਵ ਦਾਤੀ ਨਾਲ ਹੋਣ ਕਰਕੇ ਵਾਢੀ ਦਾ ਕੰਮ ਕਈ-ਕਈ ਦਿਨਾਂ ਤੱਕ ਚੱਲਦਾ ਰਹਿੰਦਾ ਸੀ। ਕਿਸਾਨ ਤੇ ਉਨ੍ਹਾਂ ਦੇ ਸੀਰੀ ਬੰਦੇ ਰਿਣ ਕੇ ਪਹਿਲਾਂ ਇੱਕ ਘਰ ਦੀ ਵਾਢੀ ਇਕੱਠੇ ਹੋ ਕੇ ਕਰਦੇ ਸਨ। ਫਿਰ ਉਸੇ ਘਰ ਵਾਲੇ ਦੂਜੇ ਨਾਲ ਵਾਢੀ ਦੇ ਕੰਮ ਵਿੱਚ ਹੱਥ ਵਟਾਉਂਦੇ ਸਨ ਤੇ ਆਰਥਿਕ ਬੱਚਤ ਵੀ ਕਰ ਲੈਂਦੇ ਸਨ। ਇਹ ਵਿੜ੍ਹੀ ਦਾ ਕੰਮ ਦਾਣੇ ਕੱਢਣ ਅਤੇ ਤੂੜੀ ਸੰਭਾਲਣ ਤੱਕ ਚੱਲਦਾ ਰਹਿੰਦਾ ਸੀ। ਵਿੜ੍ਹੀ ਦਾ ਕੰਮ ਸਹਿਜਤਾ ਅਤੇ ਸਬਰ ਵਾਲਾ ਹੁੰਦਾ ਸੀ। ਇਸ ਨਾਲ ਭਾਈਚਾਰਕ ਸਾਂਝ ਵੀ ਵਧਦੀ ਸੀ।

**ਬੋਦੀ ਛੱਡਣਾ**

ਜਦੋਂ ਕਣਕ ਦੀ ਵਾਢੀ ਦਾ ਕੰਮ ਮੁੱਕ ਜਾਂਦਾ ਸੀ, ਤਾਂ ਅਖੀਰਲੀ ਪਾਂਤ ਦੀ ਵਾਢੀ ਕਰਦਿਆਂ ਖੇਤ ਦੀ ਇੱਕ ਚੁੰਢ ਵਿੱਚ ਬੋਦੀ ਛੱਡੀ ਜਾਂਦੀ ਸੀ। ਵਾਢੀ ਵੱਢਣ ਵਾਲੇ ਹੱਥਾਂ ਵਿੱਚ ਵੱਡੇ-ਵੱਡੇ ਰੁੱਗ ਭਰ ਕੇ ਖੜ੍ਹੀ ਕਣਕ ਵਿੱਚ ਛੱਡ ਦਿੰਦੇ ਸਨ ਅਤੇ ਪਰਮਾਤਮਾ ਅੱਗੇ ਅਗਲੇ ਸਾਲ ਲਈ 'ਹੋਰ ਜ਼ਿਆਦਾ ਅਨਾਜ ਦੇਵੀਂ' ਦੀ ਅਰਦਾਸ ਕਰਦੇ ਸਨ। ਬੋਦੀ ਰਾਹੀਂ ਛੱਡੀ ਗਈ ਖੜ੍ਹੀ ਕਣਕ ਨੂੰ ਆਮ ਕਰਕੇ ਕਿਸਾਨ ਨਾਲ ਕੰਮ-ਧੰਦਾ ਕਰਵਾਉਣ ਵਾਲੇ ਕਿਰਤੀ ਪਰਿਵਾਰ ਵੱਢ ਕੇ ਆਪਣੇ ਘਰ ਲੈ ਜਾਂਦੇ ਸਨ।

**ਮਿੱਠਾ ਬਣਾਉਣਾ**

ਜਿਸ ਦਿਨ ਵਾਢੀ ਦਾ ਕੰਮ ਮੁਕੰਮਲ ਹੁੰਦਾ ਸੀ, ਤਾਂ ਉਸ ਦਿਨ ਵਾਢਿਆਂ ਲਈ ਮਿੱਠੇ ਚੌਲ ਜਾਂ ਪ੍ਰਸ਼ਾਦ ਬਣਾਇਆ ਜਾਂਦਾ ਸੀ, ਜਿਸ ਨੂੰ ਸਾਰੇ ਚਾਈਂ-ਚਾਈਂ ਖਾਂਦੇ ਸਨ।

**ਮੰਗ ਪਾਉਣਾ**

ਕਣਕ ਦੀ ਵਾਢੀ ਲਈ ਕਿਸਾਨਾਂ ਵੱਲੋਂ ਮੰਗ ਪਾਉਣ ਦਾ ਆਮ ਰਿਵਾਜ ਹੁੰਦਾ ਸੀ। ਮੰਗ ਪਾਉਣ ਨੂੰ ਕੁਝ ਇਲਾਕਿਆਂ ਵਿੱਚ ਆੁਵਤ ਜਾਂ ਵੰਗਾਰ ਵੀ ਆਖਿਆ ਜਾਂਦਾ ਹੈ। ਜਦ ਕਿਸੇ ਕਿਸਾਨ ਪਰਿਵਾਰ 'ਤੇ ਵਖ਼ਤ ਪੈ ਜਾਂਦਾ ਸੀ ਤਾਂ ਮੰਗ ਪਾਈ ਜਾਂਦੀ ਸੀ। ਕਈ ਸਰਦੇ ਪਰਿਵਾਰ ਖੁਸ਼ੀ ਵਿੱਚ ਹੀ ਮੰਗ ਪਾਉਂਦੇ ਸਨ। ਇਸ ਵਿੱਚ ਵਾਢੀ ਕਰਨ ਵਾਲਿਆਂ ਦੀ ਖੇਤ ਦੇ ਮਾਲਕ ਵੱਲੋਂ ਖਾਣ-ਪੀਣ ਦੀ ਖੂਬ ਸੇਵਾ ਕੀਤੀ ਜਾਂਦੀ ਸੀ, ਪਰ ਕੋਈ ਮਿਹਨਤਾਨਾ ਨਹੀਂ ਦਿੱਤਾ ਜਾਂਦਾ ਸੀ। ਇਨ੍ਹਾਂ ਦਿਨਾਂ ਵਿੱਚ ਮੰਗ ਪਾਉਣ ਵਾਲੇ ਘਰ ਦਾ ਸਭ ਨੂੰ ਪਤਾ ਲੱਗ ਜਾਂਦਾ ਸੀ। ਮੰਗ ਪੈਣ ਵਾਲੇ ਖੇਤਾਂ ਵਿੱਚ ਕਾਮਿਆਂ ਦੀਆਂ ਕੇਵਲ ਹੇਕਾਂ ਸੁਣਾਈ ਦਿੰਦੀਆਂ ਸਨ।

**ਪਿੜ ਛੱਡਣਾ**

ਖੇਤ ਵਿੱਚ ਜਿੱਥੇ-ਜਿੱਥੇ ਵੀ ਕਣਕ ਕੱਢੀ ਜਾਂਦੀ ਤਾਂ ਤੂੜੀ ਥ੍ਰੈਸ਼ਰ ਦੀ ਹਵਾ ਨਾਲ ਦੂਰ-ਦੂਰ ਤੱਕ ਉੱਡ ਜਾਂਦੀ। ਕਿਸਾਨਾਂ ਵੱਲੋਂ ਤੂੜੀ ਚੁੱਕਦੇ ਸਮੇਂ ਪਿੜ 'ਤੇ ਥੋੜ੍ਹੀ-ਬਹੁਤੀ ਤੂੜੀ, ਨਾਲ ਕੰਮ ਕਰਾਉਣ ਵਾਲੇ ਕਾਮੇ ਲਈ ਛੱਡ ਦਿੱਤੀ ਜਾਂਦੀ ਸੀ। ਕਾਮੇ ਇਹ ਤੂੜੀ ਇਕੱਠੀ ਕਰਕੇ ਸਾਲ ਭਰ ਲਈ ਆਪਣੇ ਘਰਾਂ ਵਿੱਚ ਸੰਭਾਲ ਲੈਂਦੇ ਅਤੇ ਪਸ਼ੂਆਂ ਨੂੰ ਪਾਉਂਦੇ। ਪਰ ਜਦੋਂ ਦਾ ਥ੍ਰੈਸ਼ਰ ਦਾ ਸਮਾਂ ਖਤਮ ਹੋਇਆ ਤਾਂ ਤੂੜੀ ਮਹਿੰਗੇ ਮੁੱਲ ਦੀ ਹੋ ਗਈ ਹੈ। ਨਤੀਜੇ ਵਜੋਂ ਹੁਣ ਬਹੁਗਿਣਤੀ ਬੇਜ਼ਮੀਨੇ ਕਿਰਤੀ ਪਰਿਵਾਰਾਂ ਨੇ ਪਸ਼ੂ ਰੱਖਣੇ ਬੰਦ ਕਰ ਦਿੱਤੇ ਹਨ ਅਤੇ ਮੁੱਲ ਵਿਕਦੇ ਦੁੱਧ 'ਤੇ ਨਿਰਭਰ ਹੋ ਗਏ।

**ਥ੍ਰੈਸ਼ਰ ਦਾ ਖਾਤਮਾ**

ਮਾਲਵਾ ਇਲਾਕੇ ਵਿੱਚ ਥ੍ਰੈਸ਼ਰ ਨੂੰ 'ਹੜੰਬਾ' ਕਹਿੰਦੇ ਹਨ। ਭਗਤਾ ਭਾਈ ਦੇ ਬਣੇ ਹੜੰਬੇ ਦੇਸ਼ ਭਰ ਵਿੱਚ ਪ੍ਰਸਿੱਧ ਹੁੰਦੇ ਸਨ। ਥ੍ਰੈਸ਼ਰ ਦੀ ਜਗ੍ਹਾ ਕੰਬਾਈਨਾਂ ਅਤੇ ਰੀਪਰਾਂ ਦੁਆਰਾ ਮੱਲ ਲਏ ਜਾਣ ਕਾਰਨ ਹੁਣ ਹੜੰਬੇ ਕਿਤੇ ਨਜ਼ਰ ਨਹੀਂ ਆਉਂਦੇ। ਜੇ ਕਿਸੇ ਨੇ ਸਾਂਭਿਆ ਵੀ ਹੋਊ ਤਾਂ ਉਹ ਥ੍ਰੈਸ਼ਰ ਨੂੰ ਸਰ੍ਹੋਂ ਕੱਢਣ, ਕਿਰਤੀ ਔਰਤਾਂ ਦੁਆਰਾ ਇਕੱਠੇ ਕੀਤੇ ਗਏ ਸਿੱਟਿਆਂ ਨੂੰ ਕੱਢਣ ਅਤੇ ਝੋਨੇ ਦੀ ਸਫਾਈ ਕਰਨ ਲਈ ਵਰਤਦਾ ਹੋਵੇਗਾ। ਸੱਚੀਂ ਜਦੋਂ ਕੋਈ ਨਵੀਂ ਚੀਜ਼ ਆ ਜਾਂਦੀ ਹੈ ਤਾਂ ਪੁਰਾਣੀ ਆਪਣੀ ਹੋਂਦ ਗੁਆ ਲੈਂਦੀ ਹੈ।

ਵਿਕਸਿਤ ਭਾਰਤ ਦੇ ਵੱਲ ਵਧਦੇ ਕਦਮ:
ਰੋਪਵੇਅ, ਉਪਲੱਬਧੀ ... ਆਲਮੀ ...
ਵਿਕਾਸ ਵੀ, ਵਿਰਾਸਤ ਵੀ ... ਅਤੇ ਧਾਰਮਿਕ ਟੂਰਿਜ਼ਮ ਨੂੰ ...
ਕੇਦਾਰਨਾਥ ਰੋਪਵੇਅ ਪ੍ਰੋਜੈਕਟ
12.9 ਕਿਲੋਮੀਟਰ ਲੰਬਾ ਰੋਪਵੇਅ,
4,081 ਕਰੋੜ ਰੁਪਏ ਦਾ ਪ੍ਰੋਜੈਕਟ
ਪ੍ਰਤੀ ਦਿਨ 18,000 ਯਾਤਰੀ
ਹੇਮਕੁੰਟ ਸਾਹਿਬ ਰੋਪਵੇਅ ਪ੍ਰੋਜੈਕਟ
12.4 ਕਿਲੋਮੀਟਰ ਲੰਬਾ ਰੋਪਵੇਅ,
2,730 ਕਰੋੜ ਰੁਪਏ ਦਾ ਪ੍ਰੋਜੈਕਟ
ਪ੍ਰਤੀ ਦਿਨ 11,000 ਯਾਤਰੀ
ਪ੍ਰਭਾਵ
ਯਾਤਰਾ ਦਾ ਸਮਾਂ 8-9 ਘੰਟੇ ਤੋਂ ਘਟ ਕੇ ਸਿਰਫ 36 ਮਿੰਟ!
ਆਧੁਨਿਕ ਇਨਫ੍ਰਾਸਟ੍ਰਕਚਰ ਦੇ ਵਿਕਾਸ ਅਤੇ ਈਜ਼ ਆਫ ਲਿਵਿੰਗ 'ਤੇ ਧਿਆਨ ਕੇਂਦ੍ਰਿਤ ਕਰਕੇ ਸਾਨੂੰ ਆਰਥਿਕ ਵਾਧਾ ਅਤੇ ਪ੍ਰਗਤੀ ਨੂੰ ਗਤੀ ਦੇਣੀ ਚਾਹੀਦੀ ਹੈ।
ਪ੍ਰਧਾਨ ਮੰਤਰੀ ਨਰੇਂਦਰ ਮੋਦੀ
CBC 22201/13/0003/2526



ਚਿਕਨਾਈ ਅਤੇ ਪ੍ਰੋਟੀਨ
ਂ, ਰੂਮਨ ਦੀ ਪੀ.ਐਚ.
(6.3 ਤੋਂ 7.4 ਦੇ
ਪਦਾਰਥ ਵੀ ਖੁਰਾਕ
ਖਵਾਉਣ ਤੋਂ ਪਹਿਲਾਂ

ਟੀ.ਐਮ.ਆਰ. (ਟੋਟਲ ਮਿਕਸਡ ਰਾਸ਼ਨ) ਮਸ਼ੀਨ ਦੇ ਮਿਕਸਰ ਵਿਚ ਮਿਲਾਏ ਜਾ ਸਕਦੇ ਹਨ। ਸ਼ੀਰਾ ਮਿਲਾਉਣ ਨਾਲ ਖੁਰਾਕ ਹੋਰ ਸਵਾਦਲੀ ਹੁੰਦੀ ਹੈ ਅਤੇ ਪਸ਼ੂ ਨੂੰ ਊਰਜਾ ਦਾ ਸਸਤਾ ਸ੍ਰੋਤ ਵੀ ਮਿਲਦਾ ਹੈ।

**ਟੀ.ਐਮ.ਆਰ. (ਟੋਟਲ ਮਿਕਸਡ ਰਾਸ਼ਨ, ਭਾਵ ਸੰਪੂਰਨ ਮਿਸ਼ਰਤ ਖੁਰਾਕ) ਵਰਤਨ ਵਿਚ ਸਾਵਧਾਨੀਆਂ :**

★ ਇਸ ਨਾਲ ਹਰ ਇਕ ਪਸ਼ੂ ਨੂੰ ਉਸਦੀ ਲੋੜ ਅਨੁਸਾਰ ਰਾਸ਼ਨ ਦੇਣਾ ਔਖਾ ਹੋ ਜਾਂਦਾ ਹੈ ਕਿਉਂਕਿ ਸਾਰੇ ਪਸ਼ੂਆਂ ਈ ਇਕੋ ਜਿਹੀ ਖੁਰਾਕ ਤਿਆਰ ਕੀਤੀ ਜਾਂਦੀ ਹੈ। ਕਈ ਵਾਰ ਮਹਿੰਗੇ ਖੁਰਾਕੀ ਤੱਤ ਉਨ੍ਹਾਂ ਗਾਵਾਂ ਨੂੰ ਵੀ ਚਲੇਜਾਂਦੇ ਹਨ ਜਿਨ੍ਹਾਂ ਨੂੰ ਇਹ ਲੋੜੀਂਦੇ ਨਹੀਂ ਹੁੰਦੇ।

★ ਟੀ.ਐਮ.ਆਰ. ਚੰਗੀ ਤਰ੍ਹਾਂ ਤਿਆਰ ਕਰਨ ਲਈ ਮਿਕਸਰ ਦੀ ਲੋੜ ਪੈਂਦੀ ਹੈ ਅਤੇ ਇਹ ਮਸ਼ੀਨਾਂ ਮਹਿੰਗੀਆਂ ਪੈਂਦੀਆਂ ਹਨ।

★ ਖੁਰਾਕ ਦੇਣ ਦੀ ਟੀ.ਐਮ.ਆਰ. ਵਿਧੀ ਸਿਰਫ ਵੱਡੇ ਫਾਰਮਾਂ ਤੇ ਹੀ ਲਾਹੇਵੰਦ ਸਾਬਤ ਹੋ ਸਕਦੀ ਹੈ। ਕਿਉਂਕਿ ਇੱਥੇ ਪਸ਼ੂਆਂ ਨੂੰ ਉਨ੍ਹਾਂ ਦੀ ਲੋੜ ਦੇ ਹਿਸਾਬ ਨਾਲ ਅਲੱਗ-ਅਲੱਗ ਝੁੰਡਾਂ ਵਿਚ ਰੱਖਿਆ ਜਾ ਸਕਦਾ ਹੈ। ਜਿਵੇਂ ਜ਼ਿਆਦਾ, ਦਰਮਿਆਨਾ ਅਤੇ ਘੱਟ ਦੁੱਧ ਦੇਣ ਵਾਲੇ।

★ ਟੀ.ਐਮ.ਆਰ. ਵਰਤਨ ਵਾਲੇ ਹਰ ਕਿਸਾਨ ਲਈ ਅਗਾਂਹਵਧੂ ਹੋਣਾ ਜ਼ਰੂਰੀ ਹੋ ਜਾਂਦਾ ਹੈ। ਖੁਰਾਕ ਨੂੰ ਸਮੇਂ-ਸਮੇਂ ਤੇ ਸੰਤੁਲਿਤ ਕਰਨਾ ਅਤੇ ਟੈਸਟ ਕਰਵਾਉਣਾ ਚਾਹੀਦਾ ਹੈ। ਇਹ ਉਸ ਸਮੇਂ ਹੋਰ ਜ਼ਰੂਰੀ ਹੁੰਦਾ ਹੈ ਜਦੋਂ ਸਾਈਲੇਜ (ਅਲੱਗ-ਅਲੱਗ ਨਮੀਂ ਵਾਲਾ) ਖੁਰਾਕ ਦਾ ਇਕ ਹਿੱਸਾ ਹੋਵੇ।

ਧਿਆਨ ਰੱਖੋ ਕਿ ਸੰਪੂਰਨ ਮਿਸ਼ਰਤ ਖੁਰਾਕ ਲਈ ਹਰਾ ਅਤੇ ਸੁੱਕਾ ਚਾਰਾ ਨਿਯਮਤ



ਆਕਾਰ ਵਿਚ ਕੱਟ ਕੇ ਹੀ ਰਲਾਉ ਤਾਂ ਜੋ ਪਸ਼ੂ ਨੂੰ ਬਦਹਜ਼ਮੀ ਤੋਂ ਬਚਾਇਆ ਜਾ ਸਕੇ। ਇਕ ਚੰਗੇ ਪਸ਼ੂ ਪਾਲਕ ਨੂੰ ਸਮਝਣਾ ਚਾਹੀਦਾ ਹੈ ਕਿ ਪਸ਼ੂਆਂ ਦੀ ਚੰਗੀ ਦੇਖਭਾਲ ਦੇ ਨਾਲ-ਨਾਲ ਸੰਪੂਰਨ ਮਿਸ਼ਰਤ ਖੁਰਾਕ ਪਸ਼ੂ ਲਈ ਦੋਹਰੇ ਫਾਇਦੇ ਵਾਲੀ ਗੱਲ ਹੈ।


ਏਆਈ
ਆਂ ਅਤੇ
ਨਮਾਨ
ਕਨੈਕਟੀਵਿਟੀ
ਹੁਲਾਰਾ

ਡਿਜਿਟਲ ਇੰਡੀਆ : ਆਧਾਰ ਤੋਂ ਏਆਈ ਤੱਕ
ਇੱਕ ਤਕਨੀਕੀ ਕ੍ਰਾਂਤੀ

ਆਧਾਰ : ਭਾਰਤ ਦੀ ਡਿਜੀਟਲ ਛਲਾਂਗ ਨੂੰ ਗਤੀ
(ਫਰਵਰੀ 2025 ਵਿੱਚ)

- 225 ਕਰੋੜ ਆਧਾਰ ਲੈਣ-ਦੇਣ
- 43 ਕਰੋੜ ਈ-ਕੇਵਾਈਸੀ ਲੈਣ-ਦੇਣ
- 12.54 ਕਰੋੜ ਫੇਸ ਔਥੈਂਟੀਕੇਸ਼ਨ – ਹੁਣ ਤੱਕ ਸਭ ਤੋਂ ਵੱਧ!



ਭਾਰਤ ਦੀ ਏਆਈ ਸਿੱਧੀ :
ਵੱਡੇ ਪੈਮਾਨੇ 'ਤੇ ਇਨੋਵੇਸ਼ਨ

ਏਆਈ ਕੋਸ਼ਾ :
ਸੁਰੱਖਿਅਤ ਏਆਈ ਇਨੋਵੇਸ਼ਨ ਪਲੇਟਫਾਰਮ

iGOT-AI :
ਅਧਿਕਾਰੀਆਂ ਦੇ ਲਈ ਸਮਾਰਟ ਰੈਕਮੈਂਡੇਸ਼ਨਸ

ਏਆਈ ਕੰਪਿਊਟ ਪੋਰਟਲ :
10,000 ਜੀਵੀਯੂਜ਼ ਕਾਰਜਸ਼ੀਲ,
8,000 ਅਤੇ ਹੋਰ ਆਉਣ ਵਾਲੇ

ਇੰਡੀਆ ਏਆਈ ਫਿਊਚਰ ਸਕਿਲਸ :
ਏਆਈ ਪ੍ਰਤਿਭਾ ਨੂੰ ਹੁਲਾਰਾ

ਲਵਾਸਾ (ਦਾਦਰਾ ਅਤੇ ਨਗਰ ਹਵੇਲੀ
ਤੇ ਦਿਉ) ਵਿੱਚ NAMO ਹਸਪਤਾਲ
ਦੇ ਉਦਘਾਟਨ ਦੌਰਾਨ।



ਸਾਰਿਆਂ ਦੇ ਲਈ
ਸਸਤੀਆਂ ਸਿਹਤ
ਸੇਵਾਵਾਂ ਯਕੀਨੀ

ਦੇਸ਼ ਭਰ ਵਿੱਚ 15,000+
ਪੀਐਮ ਭਾਰਤੀਯ ਜਨ ਔਸ਼ਧੀ
ਪਰਿਯੋਜਨਾ ਕੇਂਦਰ

ਦਵਾਈਆਂ 'ਤੇ 50-90%
ਤੱਕ ਬੱਚਤ

75 ਕਰੋੜ ਸੁਵਿਧਾ
1 ਨੈਪਕਿਨਸ ਸਿਰਫ
ਰੁਪਏ ਵਿੱਚ ਪ੍ਰਦਾਨ ਕੀਤੇ

ਆਲਮੀ ਸਨਮਾਨ :
ਬਾਰਬਾਡੋਸ ਨੇ
ਪ੍ਰਧਾਨ ਮੰਤਰੀ ਮੋਦੀ
ਨੂੰ ਕੀਤਾ ਸਨਮਾਨਿਤ



ਔਨਰੇਰੀ ਆਰਡਰ ਆਫ ਫ੍ਰੀਡਮ
ਨਾਲ ਸਨਮਾਨਿਤ

ਰਣਨੀਤਕ ਅਗਵਾਈ ਅਤੇ ਕੋਵਿਡ-19
ਸਹਾਇਤਾ ਦੇ ਲਈ ਸਨਮਾਨ

ਭਾਰਤ-ਬਾਰਬਾਡੋਸ ਡਿਪਲੋਮੈਟਿਕ
ਸਬੰਧਾਂ ਨੂੰ ਮਜ਼ਬੂਤੀ

# ਗਾਜਰ ਘਾਹ ਤੋਂ ਖਾਦ ਕਿਵੇਂ ਬਣਾਈਏ?

ਤ੍ਰਿਭੁਵਨ ਸਿੰਘ ਰਾਜਪੁਰੋਹਿਤ, ਪੀ. ਐਚ. ਡੀ. ਵਿਦਿਆਰਥੀ ਪਸਾਰ ਸਿੱਖਿਆ ਵਿਭਾਗ,
ਸੁਮੰਤਰਾ ਆਰੀਆ, ਪੀ. ਐਚ. ਡੀ. ਵਿਦਿਆਰਥੀ ਭੂਮੀ ਵਿਗਿਆਨ ਵਿਭਾਗ, ਡਾ. ਵੀ. ਐਸ. ਹੁੱਡਾ,
ਸਹਾਇਕ ਵਿਗਿਆਨੀ ਖੇਤੀਬਾੜੀ ਵਿਗਿਆਨ ਵਿਭਾਗ, ਚੌਧਰੀ ਚਰਨ ਸਿੰਘ ਖੇਤੀਬਾੜੀ ਯੂਨੀਵਰਸਿਟੀ ਹਿਸਾਰ ।

ਇਹ ਇਕ ਪਰਮ ਸੱਚ ਹੈ ਕਿ ਅੱਜ ਭਾਰਤ ਵਿਚ ਗਾਜਰ ਘਾਹ ਹਾਈਸਟਰੋਫੋਰਸ ਪਾਰਥੇਨੀਅਮ ਮਨੁੱਖੀ ਜਾਨਵਰਾਂ, ਵਾਤਾਵਰਨ ਅਤੇ ਜੈਵ ਵਿਭਿੰਨਤਾ ਲਈ ਖਤਰਾ ਬਣਦਾ ਜਾ ਰਿਹਾ ਹੈ ਕਿਉਂਕਿ ਇਸ ਵਿਚ ਪਾਰਥੇਨ ਨਾਮਕ ਜ਼ਹਿਰੀਲਾ ਰਸਾਇਣ ਪਾਇਆ ਜਾਂਦਾ ਹੈ । ਨਦੀਨ ਵਿਗਿਆਨ ਖੋਜ ਡਾਇਰੈਕਟੋਰੇਟ (ਜਬਲਪੁਰ, ਮੱਧ ਪ੍ਰਦੇਸ਼) ਦੁਆਰਾ ਕੀਤੇ ਗਏ ਮੁਲਾਂਕਣ ਅਨੁਸਾਰ, ਗਾਜਰ ਘਾਹ ਭਾਰਤ ਵਿਚ ਲਗਭਗ



350 ਲੱਖ ਹੈਕਟੇਅਰ ਖੇਤਰ ਵਿਚ ਫੈਲਿਆ ਹੋਇਆ ਹੈ । ਜਿਸ ਨੇ ਹੋਰ ਖੇਤੀਬਾੜੀ ਵਿਗਿਆਨੀਆਂ ਦੀ ਨਜ਼ਰ ਵੀ ਫੜ ਲਈ ਹੈ ਅਤੇ ਉਨ੍ਹਾਂ ਨੇ ਇਸ ਖਤਰਨਾਕ ਨਦੀਨ ਨੂੰ ਕਾਬੂ ਕਰਨ ਲਈ ਇਕ ਆਸਾਨ ਅਤੇ ਲਾਭਦਾਇਕ ਤਰੀਕਾ ਲੱਭ ਲਿਆ ਹੈ, ਜਿਸਦਾ ਮੁੱਖ ਉਦੇਸ਼ ਇਸ ਤੋਂ ਕੀਮਤੀ ਖਾਦ ਤਿਆਰ ਕਰਨਾ ਹੈ, ਜਿਸ ਦਾ ਸਿਹਰਾ ਡਾਇਰੈਕਟੋਰੇਟ ਦੇ ਖੇਤੀਬਾੜੀ ਵਿਗਿਆਨੀਆਂ ਨੂੰ ਜਾਂਦਾ ਹੈ । ਨਦੀਨ ਵਿਗਿਆਨ ਖੋਜ, ਜਬਲਪੁਰ ਗਾਜਰ ਘਾਹ ਨਾ ਸਿਰਫ ਕਿਸਾਨਾਂ ਲਈ ਸਗੋਂ ਮਨੁੱਖੀ ਜਾਨਵਰਾਂ, ਵਾਤਾਵਰਨ ਅਤੇ ਜੈਵ ਵਿਭਿੰਨਤਾ ਲਈ ਵੀ ਗੰਭੀਰ ਖਤਰਾ ਬਣ ਰਿਹਾ ਹੈ । ਹੋਰ ਖੇਤੀ ਵਿਗਿਆਨੀਆਂ ਦਾ ਧਿਆਨ ਇਸ ਸਮੱਸਿਆ ਤੋਂ ਛੁਟਕਾਰਾ ਪਾਉਣ ਵੱਲ ਗਿਆ ਹੈ ਅਤੇ ਉਨ੍ਹਾਂ ਨੇ ਇਸ ਸਮੱਸਿਆ ਦੇ ਹੱਲ ਲਈ ਇੱਕ ਪ੍ਰਭਾਵਸ਼ਾਲੀ ਅਤੇ ਬਹੁਪੱਖੀ ਤਰੀਕਾ ਵਿਕਸਿਤ ਕੀਤਾ ਹੈ ਜਿਸ ਵਿਚ ਗਾਜਰ ਘਾਹ ਤੋਂ ਖਾਦ ਬਣਾਉਣ ਦਾ ਸੁਝਾਅ ਦਿੱਤਾ ਗਿਆ ਸੀ ਕਿਉਂਕਿ ਇਸ ਤੋਂ ਬਣੀ ਖਾਦ ਵਿਚ ਪੌਸ਼ਟਿਕ ਤੱਤ ਹੁੰਦੇ ਹਨ ।

### ਗਾਜਰ ਘਾਹ ਤੋਂ ਕੰਪੋਸਟ ਕਿਵੇਂ ਬਣਾਈਏ?

ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ, ਉੱਲੀਨਾਸ਼ਕਾਂ ਦੀ ਅੰਨ੍ਹੇਵਾਹ ਵਰਤੋਂ ਕਾਰਨ ਸਾਡੀ ਧਰਤੀ ਦੀ ਸਿਹਤ ਅਤੇ ਉਪਜਾਊ ਸ਼ਕਤੀ ਦਿਨੋ-ਦਿਨ ਘਟਦੀ ਜਾ ਰਹੀ ਹੈ, ਇਸ ਤੋਂ ਇਲਾਵਾ ਪਾਣੀ, ਮਨੁੱਖ, ਜਾਨਵਰ ਅਤੇ ਵਾਤਾਵਰਨ 'ਤੇ ਵੀ ਮਾੜਾ ਅਸਰ ਪੈ ਰਿਹਾ ਹੈ । ਇਸ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਜੈਵਿਕ ਖਾਦਾਂ ਦੀ ਮਹੱਤਤਾ ਦਿਨ-ਬ-ਦਿਨ ਵਧਦੀ ਜਾ ਰਹੀ ਹੈ, ਇਸ ਸੰਦਰਭ ਵਿਚ ਸਾਡੇ ਦੇਸ਼ ਦੇ ਲਗਭਗ ਸਾਢੇ ਤਿੰਨ ਲੱਖ ਹੈਕਟੇਅਰ ਰਕਬੇ ਵਿਚ ਗਾਜਰ ਘਾਹ ਫੈਲਿਆ ਹੋਇਆ ਹੈ, ਜਿਸ ਨਾਲ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ ਇਸ ਤੋਂ ਸਾਨੂੰ ਇਸ ਸਮੱਸਿਆ ਤੋਂ ਛੁਟਕਾਰਾ ਮਿਲੇਗਾ ਅਤੇ ਸਾਨੂੰ ਕੀਮਤੀ ਖਾਦ ਮਿਲੇਗੀ ਜਿਸ ਨਾਲ ਖੇਤੀ ਉਤਪਾਦਨ ਵਧੇਗਾ ਅਤੇ ਖਾਦ ਵੇਚਣ ਤੋਂ ਹੋਰ ਵਾਲੀ ਆਮਦਨ ਵੀ ਵਧੇਗੀ ।

**ਖਾਦ ਬਣਾਉਣ ਦਾ ਤਰੀਕਾ :**

ਗਾਜਰ ਘਾਹ ਦੇ ਬੀਜ ਜੋ ਕਿ ਠੰਡ ਅਤੇ ਗਰਮੀ ਪ੍ਰਤੀ ਸੰਵੇਦਨਸ਼ੀਲ ਨਹੀਂ ਹਨ, ਵਿਚ ਸੁਸਤਤਾ ਦੀ ਘਾਟ ਕਾਰਨ, ਫਲਾਂ ਅਤੇ ਫੁੱਲਾਂ ਵਾਲੇ ਗਾਜਰ ਘਾਹ ਦੇ ਪੌਦੇ ਇੱਕੋ ਸਮੇਂ ਖੇਤਾਂ ਵਿਚ ਦਿਖਾਈ ਦਿੰਦੇ ਹਨ । ਇਸ ਲਈ, ਨਦੀਨ ਕਰਕੇ ਸਮੇਂ ਫੁੱਲਦਾਰ ਪੌਦਿਆਂ ਨੂੰ ਹਟਾਉਣਾ ਜ਼ਰੂਰੀ ਹੈ । ਫਿਰ ਵੀ ਕਿਸਾਨਾਂ ਨੂੰ ਖਾਦ ਬਣਾਉਣ ਲਈ ਗਾਜਰ ਘਾਹ ਦੀ ਵਰਤੋਂ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ । ਇਸ ਲਈ, ਇਸ ਨੂੰ ਉਸ ਸਮੇਂ ਪੁੱਟੋ ਜਦੋਂ ਫੁੱਲਾਂ ਦੀ ਮਾਤਰਾ ਘੱਟ ਹੋਵੇ, ਗਾਜਰ ਘਾਹ ਨੂੰ ਉਖਾੜ ਦੇਵੇਗੀ, ਉੱਚ ਗੁਣਵੱਤਾ ਵਾਲੀ ਖਾਦ ਪੈਦਾ ਹੋਵੇਗੀ ਅਤੇ ਫਸਲ ਦੀ ਉਤਪਾਦਕਤਾ ਵੀ ਉਸੇ ਹੱਦ ਤੱਕ ਵਧੇਗੀ ।

### ਕੰਪੋਸਟ ਬਣਾਉਣ ਦੀ ਵਿਧੀ ਹੇਠ ਲਿਖੇ ਅਨੁਸਾਰ ਹੈ :

ਆਪਣੇ ਖੇਤ ਜਾਂ ਜ਼ਮੀਨ 'ਤੇ ਢੁੱਕਵੀਂ ਅਤੇ ਉੱਚੀ ਥਾਂ 'ਤੇ 3×6×10 ਡੂੰਘਾਈ-ਚੌੜਾਈ-ਲੰਬਾਈ ਦੇ ਆਕਾਰ ਦਾ ਟੋਆ ਬਣਾਓ ਜਿੱਥੇ ਪਾਣੀ ਖੜ੍ਹੋਤ ਨਾ ਹੋਵੇ । ਹਾਲਾਂਕਿ, ਤੁਸੀਂ ਆਪਣੀ ਸਹੂਲਤ ਅਨੁਸਾਰ, ਕਾਸ਼ਤ ਵਾਲੀ ਜ਼ਮੀਨ ਵਿਚ ਗਾਜਰ ਘਾਹ ਦੀ ਮਾਤਰਾ ਦੇ ਅਨੁਸਾਰ ਲੰਬਾਈ ਅਤੇ ਚੌੜਾਈ ਨੂੰ ਘਟਾ ਸਕਦੇ ਹੋ । ਪਰ ਡੂੰਘਾਈ 3 ਤੋਂ ਘੱਟ ਜਾਂ ਵੱਧ ਨਹੀਂ ਹੋਣੀ ਚਾਹੀਦੀ ।

ਜੇ ਸੰਭਵ ਹੋਵੇ, ਤਾਂ ਟੋਏ ਦੀ ਸਤ੍ਹਾ ਅਤੇ ਪਾਸੇ ਦੀਆਂ ਕੰਧਾਂ 'ਤੇ ਪੱਥਰ ਇਸ ਤਰ੍ਹਾਂ ਰੱਖੋ ਕਿ ਕੱਚੀ ਜ਼ਮੀਨ ਦਾ ਬਣਿਆ ਟੋਆ ਠੋਸ ਬਣ ਜਾਵੇ ਤਾਂ ਜੋ ਖਾਦ ਦੇ ਪੌਸ਼ਟਿਕ ਤੱਤ ਬਾਹਰ ਨਾ ਨਿਕਲਣ । ਲੋੜੀਂਦੀ ਸਮੱਗਰੀ : ਫਸਲੀ ਮੇਲਿਆਂ ਅਤੇ ਆਸ-ਪਾਸ ਦੀਆਂ ਥਾਂਵਾਂ ਤੋਂ ਫੁੱਲ ਰਹਿਤ ਗਾਜਰਾਂ ਅਤੇ ਘਾਹ ਨੂੰ ਉਨ੍ਹਾਂ ਦੀਆਂ ਜੜ੍ਹਾਂ ਸਮੇਤ ਪੁੱਟੋ ਅਤੇ ਟੋਏ ਦੇ ਨੇੜੇ ਲਗਭਗ 15-100 ਕਿਲੋ ਖਾਦ, 100 ਕਿਲੋ ਕੱਚਾ ਗੋਬਰ, 10 ਕਿਲੋ ਯੂਰੀਆ, 2 ਕੁਇੰਟਲ ਮਿੱਟੀ ਅਤੇ 200 ਲੀਟਰ ਪਾਣੀ ਇਕੱਠਾ ਕਰ ਲਓ ।

**ਟੋਏ ਨੂੰ ਭਰਨ ਦਾ ਤਰੀਕਾ :**

ਟੋਏ ਨੂੰ ਭਰਨ ਤੋਂ ਪਹਿਲਾਂ, 50 ਕਿਲੋ ਗਾਜਰ ਘਾਹ ਦੀ ਇਕ ਪਰਤ ਪੂਰੀ ਲੰਬਾਈ ਅਤੇ ਚੌੜਾਈ ਵਿਚ ਚੰਗੀ ਤਰ੍ਹਾਂ ਗਾਂ ਦੇ ਗੋਬਰ ਵਿਚ ਵਿਛਾਓ ਅਤੇ 5 ਕਿਲੋ ਗੋਬਰ ਨੂੰ 20 ਲੀਟਰ ਪਾਣੀ ਵਿਚ ਚੰਗੀ ਤਰ੍ਹਾਂ ਘੋਲੋ ਅਤੇ ਫਿਰ ਇਸ ਦੀ ਪਰਤ ਉੱਤੇ ਛਿੜਕ ਦਿਓ । ਗਾਜਰ ਘਾਹ ਨੂੰ ਇਸ ਤੋਂ ਬਾਅਦ 500 ਗ੍ਰਾਮ ਯੂਰੀਆ ਅਤੇ 3 ਕਿਲੋ ਰਾਕ ਫਾਸਫੇਟ ਨੂੰ ਪਾਣੀ ਵਿਚ ਘੋਲੋ ਅਤੇ ਇਸ ਦਾ ਛਿੜਕਾਅ ਕਰੋ ਤਾਂ ਕਿ ਗਾਜਰ ਘਾਹ ਪੂਰੀ ਤਰ੍ਹਾਂ ਬਦਲ ਜਾਵੇ , ਜੇਕਰ ਯੂਰੀਆਂ ਜਾਂ ਰਾਕ ਫਾਸਫੇਟ ਉਪਲਬਧ ਨਾ ਹੋਵੇ, ਤਾਂ ਉਸ ਸਥਿਤੀ ਵਿਚ ਤੁਹਾਨੂੰ ਟ੍ਰਾਈਕੋਡਰਮਾ ਵਿਰਾਈਡ, ਟ੍ਰਾਈਕੋਡਰਮਾ ਹਰਜਾਨੀਆ ਫੰਗਸ ਦਾ ਕਲਚਰ 50 ਗ੍ਰਾਮ ਦੀ ਦਰ ਨਾਲ ਜੂਨ ਵਿਚ ਹੀ ਪਾਉਣਾ ਚਾਹੀਦਾ ਹੈ । ਇਸ ਵਰਕ ਕਲਚਰ ਨੂੰ ਜੋੜਨ ਨਾਲ ਵੱਡੇ ਗਾਜਰ ਘਾਹ ਦੇ ਪੌਦਿਆਂ ਦਾ ਸੜਨ ਬਹੁਤ ਤੇਜ਼ ਰਫਤਾਰ ਨਾਲ ਹੁੰਦਾ ਹੈ ਅਤੇ ਖਾਦ ਵੀ ਜਲਦੀ ਤਿਆਰ ਹੋ ਜਾਂਦੀ ਹੈ । ਇਸ ਟੋਏ ਵਿਚ 37 ਤੋਂ 42 ਕਿਲੋ ਤਾਜ਼ੇ ਕੱਟੇ ਹੋਏ ਘਾਹ ਨੂੰ ਰੱਖਿਆ ਜਾਂਦਾ ਹੈ, ਜਿਸ ਤੋਂ 37 ਤੋਂ 45 ਪ੍ਰਤੀਸ਼ਤ ਖਾਦ ਪ੍ਰਾਪਤ ਕੀਤੀ ਜਾਂਦੀ ਹੈ । ਖਾਦ ਪਾਉਣ ਦੇ ਪੰਜ-ਛੇ ਮਹੀਨੇ ਬਾਅਦ ਵੀ, ਟੋਏ ਵਿੱਚੋਂ ਖਾਦ ਕੱਢਦੇ ਸਮੇਂ, ਤੁਸੀਂ ਮਹਿਸੂਸ ਕਰ ਸਕਦੇ ਹੋ ਕਿ ਗਾਜਰ ਦਾ ਸੰਘਣਾ ਤਣਾਂ ਚੰਗੀ ਤਰ੍ਹਾਂ ਸੜਿਆ ਨਹੀਂ ਹੈ, ਪਰ ਇਸ ਨੂੰ ਖਾਦ ਦੇ ਟੋਏ ਵਿਚ ਬਾਹਰ ਕੱਢ ਕੇ ਛਾਂ ਵਿਚ ਪਾਓ ਇਸ ਨੂੰ ਫੈਲਾਉਣ ਅਤੇ ਥੋੜ੍ਹਾ ਸੁੱਕਣ ਤੋਂ ਬਾਅਦ, ਇਸ ਨੂੰ ਸਟੈਕ ਕਰੋ । ਜੇਕਰ ਤੁਹਾਨੂੰ ਅਜੇ ਵੀ ਫਾਇਬਰ ਵਾਲੇ ਅਨਾਜ ਮਿਲਦੇ ਹਨ, ਤਾਂ ਜਾਂ ਤਾਂ ਉਹਨਾਂ ਨੂੰ ਸਟਿਕਸ ਜਾਂ ਮੋਰਟਾਰ ਦੀ ਮਦਦ ਨਾਲ ਪੀਸ ਲਓ । ਇਸ ਖਾਦ ਨੂੰ 2 ਪੁਆਇੰਟ 2 ਸੈਂਟੀਮੀਟਰ ਦੇ ਛੇਕ ਵਾਲੇ ਜਾਲ ਰਾਹੀਂ ਫਿਲਟਰ ਕੀਤਾ ਜਾਣਾ ਚਾਹੀਦਾ ਹੈ ਅਤੇ ਉਪਰੋਂ ਰਹਿੰਦ-ਖੂੰਹਦ ਨੂੰ ਵੱਖ ਕੀਤਾ ਜਾਣਾ ਚਾਹੀਦਾ ਹੈ ।

**ਖਾਦ ਦਾ ਪੌਸ਼ਟਿਕ ਮੁੱਲ :**

ਨੈਸ਼ਨਲ ਡਾਇਰੈਕਟੋਰੇਟ ਆਫ ਵੀਡ ਸਾਇੰਸ ਰਿਸਰਚ, ਜਬਲਪੁਰ ਦੁਆਰਾ ਕੀਤੇ ਗਏ ਇਕ ਤੁਲਨਾਤਮਕ ਅਧਿਐਨ ਵਿਚ ਇਹ ਸਾਹਮਣੇ ਆਇਆਂ ਹੈ ਕਿ ਗਾਜਰਾਂ ਤੋਂ ਬਣੀ ਖਾਦ ਵਿਚ ਮੁੱਖ ਪੌਸ਼ਟਿਕ ਤੱਤਾਂ ਦੀ ਮਾਤਰਾ ਗਾਂ ਦੇ ਗੋਬਰ ਨਾਲੋਂ ਦੁੱਗਣੀ ਅਤੇ ਵਰਮੀ ਖਾਦ ਦੇ ਲਗਭਗ ਬਰਾਬਰ ਹੈ । ਇਸ ਲਈ, ਗਾਜਰ ਤੋਂ ਖਾਦ ਬਣਾਉਣਾ ਇਸ ਦੀ ਵਰਤੋਂ ਲਈ ਇਕ ਵਧੀਆ ਵਿਕਲਪ ਹੈ । ਤੁਲਨਾਤਮਕ ਅਧਿਐਨ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ । (ਸਾਰਣੀ-1)

**ਫਸਲਾਂ ਵਿਚ ਵਰਤੋਂ** : ਗਾਜਰ ਘਾਹ ਦੀ ਖਾਦ ਨੂੰ 2.0 ਤੋਂ 2 ਕੁਇੰਟਲ 25 ਕਿਲੋ ਪ੍ਰਤੀ ਹੈਕਟੇਅਰ ਦੀ ਦਰ ਨਾਲ ਬਿਜਾਈ ਤੋਂ ਪਹਿਲਾਂ ਖੇਤ ਦੀ ਅੰਤਿਮ ਤਿਆਰੀ ਦੌਰਾਨ ਮਿੱਟੀ ਵਿਚ ਚੰਗੀ ਤਰ੍ਹਾਂ ਮਿਲਾਉਣਾ ਚਾਹੀਦਾ ਹੈ ।

**ਵਪਾਰਕ ਵਰਤੋਂ** : ਸਵੈ-ਬਣਾਈ ਖਾਦ ਦੀ ਵਰਤੋਂ ਕਿਸਾਨ ਬਿਨਾਂ ਜਾਣੇ ਵੀ ਕਰ ਸਕਦਾ ਹੈ । ਤਿਆਰ ਕੀਤੀ ਖਾਦ ਨੂੰ ਛਾਂ ਵਿਚ ਸੁਕਾ ਕੇ ਵੱਡੇ ਜਾਂ ਛੋਟੇ ਪਲਾਸਟਿਕ ਦੇ ਥੈਲਿਆਂ ਵਿਚ ਪੈਕ ਕਰੋ, ਜਿਹੜੇ ਲੋਕ, ਛੋਟੇ ਕਿਸਾਨ, ਬੇਰੋਜ਼ਗਾਰ ਨੌਜਵਾਨ ਗਾਜਰ ਘਾਹ ਦੀ ਵਪਾਰਕ ਖਾਦ ਬਣਾਉਣਾ ਚਾਹੁੰਦੇ ਹਨ, ਉਹ ਵਪਾਰਕ ਸਬਜ਼ੀਆਂ, ਫਸਲਾਂ ਅਤੇ ਬਾਗਬਾਨੀ ਲਈ 1.5 ਕਿਲੋ ਦੇ ਪੈਕੇਟ ਦੀ ਵਰਤੋਂ ਕਰ ਸਕਦੇ ਹਨ । ਵਰਤੋਂ ਲਈ 25 ਤੋਂ 50 ਕਿਲੋ ਦੇ ਪੈਕੇਟ ਵੀ ਤਿਆਰ ਕਰਕੇ ਜਾ ਸਕਦੇ ਹਨ ।

**ਫਾਇਦੇ** : ਗਾਜਰ ਘਾਹ ਦੀ ਖਾਦ ਦੇ ਕਈ ਫਾਇਦੇ ਹਨ । ਜਦੋਂ ਗਾਜਰ ਘਾਹ ਬਣ ਜਾਂਦੀ ਹੈ, ਤਾਂ ਇਸ ਦੇ ਜੀਵਤ ਅਵਸਥਾ ਵਿਚ ਪਾਇਆ ਜਾਣ ਵਾਲਾ ਜ਼ਹਿਰੀਲਾ ਰਸਾਇਣਕ ਹਿੱਸਾ ਪੂਰੀ ਤਰ੍ਹਾਂ ਸੜ ਜਾਂਦਾ ਹੈ ਅਤੇ ਇਸਦਾ ਜ਼ਹਿਰੀਲਾ ਪ੍ਰਭਾਵ ਵੀ ਖਤਮ ਹੋ ਜਾਂਦਾ ਹੈ, ਇਹ ਖਾਦ ਇਕ ਅਜਿਹੀ ਖਾਦ ਹੈ ਕਿ ਇਸਦੀ ਵਰਤੋਂ ਮਿੱਟੀ, ਪਾਣੀ ਅਤੇ ਹਵਾ ਦੇ ਪ੍ਰਦੂਸ਼ਣ ਨੂੰ ਘਟਾਉਣ ਵਿਚ ਮਦਦ ਕਰਦੀ ਹੈ । ਇਸ ਦਾ ਮਨੁੱਖਾਂ, ਜਾਨਵਰਾਂ ਆਦਿ 'ਤੇ ਕੋਈ ਮਾੜਾ ਪ੍ਰਭਾਵ ਨਹੀਂ ਪੈਂਦਾ, ਜੈਵਿਕ ਖਾਦ ਹੋਣ ਕਾਰਨ ਇਹ ਵਾਤਾਵਰਣ ਅਨੁਕੂਲ ਹੈ । ਇਸ ਦੀ ਵਰਤੋਂ ਨਾਲ ਰਸਾਇਣਕ ਖਾਦਾਂ ਦੀ ਲੋੜ ਨੂੰ ਘਟਾਇਆ ਜਾ ਸਕਦਾ ਹੈ । ਮਿੱਟੀ ਦੇ ਭੌਤਿਕ, ਰਸਾਇਣਕ ਅਤੇ ਜੈਵਿਕ ਗੁਣ ਵਧਦੇ ਹਨ । ਇਸਦੇ ਕਾਰਨ, ਮਿੱਟੀ ਦੀ ਉਤਪਾਦਕਤਾ ਵਧਦੀ ਹੈ, ਸਾਰੀ ਮਿੱਟੀ ਵਿਚ ਗਾਜਰ ਘਾਹ ਦੀ ਖਾਦ ਪਾਉਣ ਨਾਲ ਇਸਦਾ pH ਮੁੱਲ ਵਿਚ ਸੁਧਾਰ ਹੁੰਦਾ ਹੈ ।

ਗਾਜਰ ਘਾਹ ਦੀ ਖਾਦ ਇਕ ਸੰਤੁਲਿਤ ਖਾਦ ਹੈ ਜਿਸ ਵਿਚ ਨਾਈਟ੍ਰੋਜਨ ਪੋਟਾਸ਼ ਕੈਲਸ਼ੀਅਮ ਮੈਗਨੀਸ਼ੀਅਮ ਪੌਸ਼ਕ ਤੱਤ ਹੁੰਦੇ ਹਨ ਜੋ ਕਿ ਗੋਬਰ ਦੀ ਖਾਦ ਵਿਚ ਮੌਜੂਦ ਪੌਸ਼ਟਿਕ ਤੱਤਾਂ ਤੋਂ ਵੱਧ ਹੁੰਦੇ ਹਨ । ਇਸ 'ਚ ਮਾਈਕ੍ਰੋ ਨਿਊਟ੍ਰੀਐਂਟਸ ਵੀ ਪਾਏ ਜਾਂਦੇ ਹਨ । ਇਹ ਬਹੁਤ ਘੱਟ ਲਾਗਤ 'ਤੇ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਵਧਾਉਂਦਾ ਹੈ । ਇਸਦੀ ਵਰਤੋਂ ਨਾਲ ਮਿੱਟੀ ਦੀ ਪਾਣੀ ਸੋਖਣ ਅਤੇ ਪਾਣੀ ਰੱਖਣ ਦੀ ਸਮਰੱਥਾ ਵਧਦੀ ਹੈ । ਵੱਡੀ ਮਾਤਰਾ ਵਿਚ ਕੰਪੋਸਟ ਬਣਾ ਕੇ ਵੇਚ ਕੇ ਵਾਧੂ ਕਮਾਈ ਕੀਤੀ ਜਾ ਸਕਦੀ ਹੈ । ਮਿੱਟੀ ਵਿਚ ਕਾਰਬਨ ਵਧਦਾ ਹੈ, ਜਿਸ ਨਾਲ ਮਿੱਟੀ ਦੀ ਬਣਤਰ ਵਿਚ ਸੁਧਾਰ ਹੁੰਦਾ ਹੈ । ਜ਼ਮੀਨ ਦੀ ਸਿਹਤ ਠੀਕ ਰਹੇਗੀ ਅਤੇ ਇਸ ਦੀ ਉਤਪਾਦਕਤਾ ਵਧੇਗੀ, ਦੇਸ਼ ਦੀ ਖੇਤੀ ਪੈਦਾਵਾਰ ਵਧੇਗੀ ਅਤੇ ਕਿਸਾਨ ਵੀ ਖੁਸ਼ਹਾਲ ਹੋਣਗੇ ।

**ਸਾਵਧਾਨੀਆਂ**

ਕੰਪੋਸਟ ਟੋਏ ਨੂੰ ਇਕ ਛਾਂਦਾਰ, ਉੱਚੀ ਖੁੱਲ੍ਹੀ ਜਗ੍ਹਾ ਵਿਚ ਬਣਾਓ ਜਿੱਥੇ ਪਾਣੀ ਖੜ੍ਹੋਤ ਨਾ ਹੋਵੇ, ਖਾਦ ਬਣਾਉਣ ਵੇਲੇ ਲੋੜੀਂਦੀ ਨਮੀਂ ਬਣਾਈ ਰੱਖੋ ਅਤੇ ਖੁਸ਼ਕ ਸਥਿਤੀਆਂ ਨੂੰ ਰੋਕੋ । ਗਾਜਰ ਘਾਹ ਨੂੰ ਹਰ ਸਾਲ ਫੁੱਲ ਆਉਣ ਤੋਂ ਪਹਿਲਾਂ ਪੁੱਟ ਦੇਣਾ ਚਾਹੀਦਾ ਹੈ ਕਿਉਕਿ ਇਸ ਵਿਚ ਭਰਪੂਰ ਪੱਤੇ ਹੁੰਦੇ ਹਨ । ਕੰਪੋਸਟ ਟੋਏ ਵਿਚ ਲੋੜੀਂਦੀ ਸਮੱਗਰੀ ਭਰਨ ਤੋਂ ਬਾਅਦ, ਇਸ ਨੂੰ ਗੋਬਰ, ਮਿੱਟੀ ਅਤੇ ਤੂੜੀ ਦੇ ਮਿਸ਼ਰਣ ਨਾਲ ਮਿਲਾਉਣਾ ਚਾਹੀਦਾ ਹੈ । ਇਕ ਮਹੀਨੇ ਬਾਅਦ ਲੋੜ ਅਨੁਸਾਰ ਟੋਏ 'ਤੇ ਘੱਟ ਪਾਣੀ ਦਾ ਛਿੜਕਾਅ ਕਰਦੇ ਰਹੋ । ਜੇਕਰ ਇਹ ਬਹੁਤ ਜ਼ਿਆਦਾ ਸੁੱਕੀ ਮਹਿਸੂਸ ਹੋਵੇ, ਤਾਂ ਕਾਂਬਾ ਦੀ ਮਦਦ ਨਾਲ ਉੱਪਰਲੀ ਸਖਤ ਪਰਤ ਵਿਚ ਇਕ ਛੇਕ ਬਣਾਉ ਅਤੇ ਇਸ ਵਿਚ ਪਾਣੀ ਪਾਓ । ਪਾਣੀ ਪਾਉਣ ਤੋਂ ਬਾਅਦ ਛੇਕਾਂ ਨੂੰ ਦੁਬਾਰਾ ਬੰਦ ਕਰ ਦੇਣਾ ਚਾਹੀਦਾ ਹੈ ਤਾਂ ਜੋ ਖਾਦ ਸੜਨ ਤੋਂ ਬਾਅਦ ਜਲਦੀ ਤਿਆਰ ਹੋ ਜਾਵੇ । ਜੇਕਰ ਪ੍ਰਭਾਵਿਤ ਖੇਤਰਾਂ ਵਿਚ ਗਾਜਰ ਘਾਹ ਦੇ ਫੁੱਲ ਆਉਣ ਤੋਂ ਪਹਿਲਾਂ ਉਪਰੋਕਤ ਵਿਧੀ ਦੁਆਰਾ ਖਾਦ ਤਿਆਰ ਕੀਤੀ ਜਾਂਦੀ ਹੈ, ਤਾਂ ਉਨ੍ਹਾਂ ਨੂੰ ਖੇਤਾਂ ਵਿਚ ਪਾਉਣ ਲਈ ਨਾ ਸਿਰਫ ਖਾਦ ਮਿਲੇਗੀ, ਸਗੋਂ ਗਾਜਰ ਘਾਹ ਦਾ ਹੱਲ ਵੀ ਮਿਲੇਗਾ । ਖਾਦ ਦੇ ਟੋਏ ਦੇ ਨੇੜੇ ਨਦੀਨਾਂ ਦੇ ਪੌਦਿਆਂ ਨੂੰ ਹਟਾਓ ਜੋ ਬੀਜ ਬਣਾ ਕੇ ਅਤੇ ਫੁੱਲ ਆਉਣ ਤੋਂ ਬਾਅਦ ਖਾਦ ਨੂੰ ਦੂਸ਼ਿਤ ਕਰ ਸਕਦੇ ਹਨ ।

**ਸਾਰਣੀ-1 : ਤੁਲਨਾਤਮਕ ਅਧਿਐਨ**

| | ਪੌਸ਼ਟਿਕ ਮੁੱਲ % | | | | |
|---|---|---|---|---|---|
| | N | P | K | Ca | Mg |
| ਗਾਜਰ ਘਾਹ ਖਾਦ | 1.05 | 0.84 | 1.11 | 0.90 | 0.55 |
| ਵਰਮੀ ਕੰਪੋਸਟ | 1.61 | 0.68 | 1.31 | 0.65 | 0.43 |
| ਖੇਤ ਵਿਹੜੇ ਦੀ ਖਾਦ | 0.45 | 0.30 | 0.54 | 0.59 | 0.28 |



ਗੁਰਤੇਜ ਸਿੱਧੂ

ਸੂਬੇ ਅੰਦਰ ਧਰਤੀ ਹੇਠਲੇ ਪਾਣੀ ਦਾ ਸੰਕਟ ਲਗਾਤਾਰ ਡੂੰਘਾ ਹੁੰਦਾ ਜਾ ਰਿਹਾ ਹੈ। ਹਰ ਸਾਲ ਪਾਣੀ ਦਾ ਪੱਧਰ ਹੇਠਾਂ ਵੱਲ ਜਾ ਰਿਹਾ ਹੈ। ਗਰਾਊਂਡ ਵਾਟਰ ਬੋਰਡ ਦੀ ਤਾਜ਼ਾ ਰਿਪੋਰਟ ਅਨੁਸਾਰ ਜੂਨ 2023 ਤੋਂ ਜੂਨ 2024 ਦੌਰਾਨ ਸੂਬੇ ਅੰਦਰ ਧਰਤੀ ਹੇਠਲਾ ਪਾਣੀ 3 ਤੋਂ 7.50 ਮੀਟਰ ਤੱਕ ਹੇਠਾਂ ਚਲਾ ਗਿਆ ਹੈ, ਜਿਹੜਾ ਕਿ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ। ਇਸ ਰਿਪੋਰਟ ਅਨੁਸਾਰ ਸੂਬੇ ਦੀਆਂ 150 ਬਲਾਕਾਂ ਵਿੱਚੋਂ ਸਿਰਫ 17 ਬਲਾਕਾਂ ਦਾ ਪਾਣੀ ਹੀ ਸੁਰੱਖਿਅਤ ਬਚਿਆ ਹੈ। ਸੂਬੇ ਦੀਆਂ 133 ਬਲਾਕਾਂ ਵਿਚੋਂ ਸਭ ਤੋਂ ਵੱਧ ਧਰਤੀ ਹੇਠੋਂ ਪਾਣੀ ਬਾਹਰ ਕੱਢਿਆ ਜਾ ਰਿਹਾ ਹੈ। ਚਾਰ ਬਲਾਕ ਇਸ ਸਮੇਂ ਕ੍ਰਿਟੀਕਲ ਜ਼ੋਨ ਵਿੱਚ ਹਨ, ਜਦੋਂਕਿ 15 ਬਲਾਕ ਸੈਮੀ ਕ੍ਰਿਟੀਕਲ ਜ਼ੋਨ ਵਿੱਚ ਰੱਖੇ ਗਏ ਹਨ। ਸੂਬੇ ਦੇ ਧਰਤੀ ਹੇਠਲੇ ਪਾਣੀ ਦੀ ਮੌਜੂਦਾ ਸਥਿਤੀ ਅਤੇ ਇਸਦੀ ਦਸ਼ਾ ਤੇ ਦਿਸ਼ਾ ਨੂੰ ਦਰਸਾਉਂਦੀ ਹੈ ਇਹ ਰਿਪੋਰਟ।

# ਡੂੰਘਾ ਹੋ ਰਿਹੈ ਧਰਤੀ ਹੇਠਲੇ ਪਾਣੀ ਦਾ ਸੰਕਟ



### ਲੋੜ ਤੋਂ ਵੱਧ ਕੱਢਿਆ ਜਾ ਰਿਹੈ ਪਾਣੀ

ਗਰਾਊਂਡ ਵਾਟਰ ਬੋਰਡ ਦੀ ਤਾਜ਼ਾ ਰਿਪੋਰਟ ਅਨੁਸਾਰ ਸੂਬੇ ਦੇ 133 ਬਲਾਕਾਂ ਵਿੱਚੋਂ ਪਾਣੀ ਰੀਚਾਰਜ ਦਾ 100 ਫੀਸਦੀ ਤੋਂ ਵੱਧ ਪਾਣੀ ਬਾਹਰ ਕੱਢਿਆ ਜਾ ਰਿਹਾ ਹੈ, ਜਦੋਂਕਿ ਕਈ ਬਲਾਕ ਅਜਿਹੇ ਹਨ, ਜਿੱਥੇ 300 ਫੀਸਦੀ ਤੱਕ ਪਾਣੀ ਬਾਹਰ ਕੱਢਿਆ ਜਾ ਰਿਹਾ ਹੈ। ਸੂਬੇ ਦੇ 33 ਅਜਿਹੇ ਬਲਾਕ ਹਨ, ਜਿਨ੍ਹਾਂ ਵਿੱਚੋਂ ਧਰਤੀ ਹੇਠਲੇ ਪਾਣੀ ਦੀ ਨਿਕਾਸੀ 200 ਫੀਸਦੀ ਤੋਂ ਵੱਧ ਹੈ। ਸੂਬੇ ਦੇ 16 ਬਲਾਕਾਂ ਵਿੱਚੋਂ ਧਰਤੀ ਹੇਠਲੇ ਪਾਣੀ 250 ਫੀਸਦੀ ਤੋਂ ਵੱਧ ਬਾਹਰ ਕੱਢਿਆ ਜਾ ਰਿਹਾ ਹੈ। ਇਸੇ ਤਰ੍ਹਾਂ ਹੀ 10 ਬਲਾਕ ਅਜਿਹੇ ਹਨ, ਜਿਹੜੇ 300 ਫੀਸਦੀ ਨੂੰ ਪਾਰ ਕਰ ਗਏ ਹਨ। ਕੇਂਦਰੀ ਗਰਾਊਂਡ ਵਾਟਰ ਬੋਰਡ ਦੀ ਰਿਪੋਰਟ ਅਨੁਸਾਰ ਪੰਜਾਬ ਵਿੱਚ ਸਾਲਾਨਾ 16.81 ਮਿਲੀਅਨ ਏਕੜ ਫੁੱਟ ਪਾਣੀ ਰੀਚਾਰਜ ਹੁੰਦਾ ਹੈ, ਜਿਸ ਦੇ ਮੁਕਾਬਲੇ 27.64 ਮਿਲੀਅਨ ਏਕੜ ਫੁੱਟ ਪਾਣੀ ਬਾਹਰ ਕੱਢਿਆ ਜਾ ਰਿਹਾ ਹੈ। ਇਸ ਤਰ੍ਹਾਂ ਹਰ ਸਾਲ ਧਰਤੀ ਹੇਠਲੇ ਪਾਣੀ ਦਾ ਪੱਧਰ 10.83 ਮਿਲੀਅਨ ਏਕੜ ਫੁੱਟ ਦੀ ਮਿਕਦਾਰ ਨਾਲ ਲਗਾਤਾਰ ਘੱਟ ਰਿਹਾ ਹੈ। ਪੰਜਾਬ ਦੇ ਧਰਤੀ ਹੇਠਲੇ ਤਿੰਨੇ ਪੱਤਣਾਂ ਦਾ ਕੁੱਲ ਪਾਣੀ 261 ਮਿਲੀਅਨ ਏਕੜ ਫੁੱਟ ਦਰਜ ਕੀਤਾ ਗਿਆ ਹੈ। ਜੇਕਰ ਇਸੇ ਤਰ੍ਹਾਂ ਹੀ ਪਾਣੀ ਧਰਤੀ ਹੇਠੋਂ ਕੱਢਿਆ ਜਾਂਦਾ ਰਿਹਾ ਤਾਂ ਆਉਣ ਵਾਲਾ ਸਮਾਂ ਬਹੁਤ ਗੰਭੀਰ ਹੋਵੇਗਾ।

### ਝੋਨੇ ਦੀ ਖੇਤੀ ਨੇ ਵਧਾਇਆ ਸੰਕਟ

ਸੂਬੇ ਅੰਦਰ ਜਦੋਂ ਤੋਂ ਝੋਨੇ ਦੀ ਖੇਤੀ ਦਾ ਰੁਝਾਨ ਵਧਿਆ ਹੈ, ਉਸ ਸਮੇਂ ਤੋਂ ਹੀ ਜ਼ਮੀਨਦੋਜ਼ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਵੱਲ ਗਿਆ ਹੈ। ਜੇਕਰ ਰਿਪੋਰਟ 'ਤੇ ਨਜ਼ਰ ਮਾਰੀ ਜਾਵੇ ਤਾਂ ਜੂਨ 2023 ਤੋਂ ਜੂਨ 2024 ਦੇ ਵਿਚਕਾਰ 60.8 ਫੀਸਦੀ ਖੇਤਰ ਵਿੱਚ ਪਾਣੀ ਦਾ ਪੱਧਰ ਕਾਫ਼ੀ ਹੇਠਾਂ ਚਲਾ ਗਿਆ ਹੈ। 38.07 ਫੀਸਦੀ ਖੇਤਰ ਵਿੱਚ ਪਾਣੀ ਦਾ ਪੱਧਰ 2 ਮੀਟਰ ਤੋਂ ਜ਼ਿਆਦਾ ਹੇਠਾ ਚਲਾ ਗਿਆ ਹੈ, ਜਦੋਂ ਕਿ 8.18 ਫੀਸਦੀ ਖੇਤਰ ਵਿੱਚ ਪਾਣੀ ਦਾ ਪੱਧਰ 2 ਤੋਂ 4 ਮੀਟਰ ਹੇਠਾਂ ਡਿੱਗਿਆ ਹੈ। ਇਸ ਤਰ੍ਹਾਂ ਹੀ 13.81 ਫੀਸਦੀ ਖੇਤਰ ਵਿੱਚ ਪਾਣੀ ਦਾ ਪੱਧਰ 4 ਤੋਂ 7 ਮੀਟਰ ਹੇਠਾਂ ਗਿਆ ਹੈ। ਮਾਲਵਾ ਖੇਤਰ ਵਿੱਚ ਪਾਣੀ ਦੇ ਪੱਧਰ ਦੀ ਸਥਿਤੀ ਹੋਰ ਵੀ ਮਾੜੀ ਹੈ। ਇਸ ਖੇਤਰ ਵਿੱਚ ਵੀ ਜਿੱਥੇ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਡਿੱਗ ਰਿਹਾ ਹੈ, ਉੱਥੇ ਹੀ ਧਰਤੀ ਹੇਠਲਾ ਪਾਣੀ ਬਿਲਕੁਲ ਪਲੀਤ ਹੋ ਚੁੱਕਾ ਹੈ। ਮਾਲਵਾ ਖੇਤਰ ਦੇ ਪਾਣੀ ਵਿੱਚ ਬਾਕੀ ਖਤਰਨਾਕ ਤੱਤਾਂ ਤੋਂ ਇਲਾਵਾ ਯੂਰੇਨੀਅਮ ਘੁੱਲ ਚੁੱਕਾ ਹੈ। ਪੰਜਾਬ ਦੇ ਤਿੰਨ ਜ਼ਿਲ੍ਹਿਆਂ ਮੋਗਾ, ਪਟਿਆਲਾ ਅਤੇ ਸੰਗਰੂਰ ਵਿੱਚ ਜ਼ਮੀਨਦੋਜ਼ ਪਾਣੀ ਦੇ ਹਾਲਾਤ ਖਤਰਨਾਕ ਹੱਦ ਤੱਕ ਪੁੱਜ ਚੁੱਕੇ ਹਨ। ਗਰਾਊਂਡ ਵਾਟਰ ਸੈਲ ਦੇ ਨਾਲ-ਨਾਲ ਹੋਰਨਾਂ ਵਿਭਾਗਾਂ ਦੇ ਅਧਿਕਾਰੀਆਂ ਦੀ ਦੇਖ-ਰੇਖ ਵਿੱਚ ਸੂਬੇ ਅੰਦਰ 115 ਪੁੱਟੇ ਗਏ ਖੂਹਾਂ ਅਤੇ 406 ਟਿਊਬਵੈਲਾਂ ਦਾ ਨਿਰੀਖਣ ਕੀਤਾ ਗਿਆ।

### ਔਸਤ ਤੋਂ ਘੱਟ ਹੋ ਰਹੀ ਹੈ ਬਾਰਿਸ਼

ਪੰਜਾਬ ਵਿੱਚ ਕਰੀਬ 650 ਮਿਲੀਮੀਟਰ ਮੀਂਹ ਹਰ ਸਾਲ ਪੈਂਦਾ ਹੈ, ਜਦੋਂਕਿ ਝੋਨਾ ਪੈਦਾ ਕਰਨ ਵਾਲੇ ਸੂਬਿਆਂ ਵਿੱਚ 1500 ਮਿਲੀਮੀਟਰ ਸਲਾਨਾ ਮੀਂਹ ਪੈਂਦਾ ਹੈ। ਸਾਲ 1979 ਬਾਅਦ ਹਰ ਸਾਲ ਲਗਭਗ 75 ਫੀਸਦੀ ਰਕਬੇ ਵਿੱਚ ਝੋਨੇ ਦੀ ਕਾਸ਼ਤ ਨਾਲ ਪਾਣੀ ਦੀ ਤਬਾਹੀ ਹੋ ਰਹੀ ਹੈ। ਅਸਲ ਵਿੱਚ ਜਿਹੜੇ ਸੂਬੇ ਅੰਦਰ 1500 ਤੋਂ 2000 ਸਾਲਾਨਾ ਮਿਲੀਮੀਟਰ ਮੀਂਹ ਪੈਂਦਾ ਹੈ, ਉਨ੍ਹਾਂ ਸੂਬਿਆਂ ਦੀ ਹੀ ਝੋਨਾ ਅਸਲ ਵਿੱਚ ਫ਼ਸਲ ਹੈ। ਬਠਿੰਡਾ ਜ਼ਿਲ੍ਹੇ ਅੰਦਰ ਪਿਛਲੇ 10 ਸਾਲਾਂ ਦੌਰਾਨ ਸਿਰਫ਼ 450 ਮਿਲੀਮੀਟਰ ਮੀਂਹ ਪਿਆ ਹੈ, ਜਦੋਂਕਿ ਮੋਗਾ ਵਿੱਚ ਔਸਤਨ 403 ਮਿਲੀਮੀਟਰ ਮੀਂਹ ਪਿਆ ਹੈ। ਜੇਕਰ ਰਿਪੋਰਟ 'ਤੇ ਨਜ਼ਰ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਸਾਲ 1970 ਵਿੱਚ ਪੰਜਾਬ ਅੰਦਰ ਔਸਤਨ 672 ਮਿਲੀਮੀਟਰ ਮੀਂਹ ਪਿਆ ਸੀ, ਜਦੋਂਕਿ ਇੱਕ ਦਹਾਕੇ ਬਾਅਦ ਸਾਲ 1980 ਵਿੱਚ 739 ਮਿਲੀਮੀਟਰ ਮੀਂਹ ਪਿਆ। ਇਸ ਤੋਂ ਸੱਤ ਸਾਲ ਬਾਅਦ ਫਿਰ 710 ਮਿਲੀਮੀਟਰ ਮੀਂਹ ਪਿਆ। ਇਸ ਤੋਂ ਕਰੀਬ 16 ਸਾਲਾਂ ਬਾਅਦ ਸਾਲ 2013 ਵਿੱਚ 620 ਮਿਲੀਮੀਟਰ ਬਾਰਿਸ਼ ਹੋਈ, ਜਦੋਂਕਿ ਇਸ ਤੋਂ 7 ਸਾਲਾਂ ਬਾਅਦ ਸਾਲ 2020 ਵਿੱਚ 603 ਮਿਲੀਮੀਟਰ ਮੀਂਹ ਪਿਆ ਹੈ। ਸਾਲ 2021 ਵਿੱਚ ਸੂਬੇ ਅੰਦਰ 528 ਮਿਲੀਮੀਟਰ ਮੀਂਹ ਪਿਆ। ਇਸ ਤਰ੍ਹਾਂ ਕਈ ਸਾਲਾਂ ਵਿੱਚ ਬਹੁਤ ਘੱਟ ਮੀਂਹ ਪਿਆ। ਸਾਲ 2002 ਵਿੱਚ ਸੂਬੇ ਅੰਦਰ ਸਿਰਫ 315 ਮਿਲੀਮੀਟਰ ਮੀਂਹ ਹੀ ਪਿਆ ਸੀ। ਬਹੁਤ ਹੀ ਸਾਲਾਂ ਵਿੱਚ ਸੂਬੇ ਅੰਦਰ ਲੋੜੀਂਦੀ ਔਸਤਨ 650 ਮਿਲੀਮੀਟਰ ਬਾਰਿਸ਼ ਵੀ ਨਹੀਂ ਹੋਈ।

### ਦੋ ਮੁਲਾਜ਼ਮਾਂ ਸਹਾਰੇ ਚੱਲ ਰਿਹੈ ਬਠਿੰਡਾ ਦਾ ਗਰਾਊਂਡ ਵਾਟਰ ਸੈਲ

ਸੂਬੇ ਅੰਦਰ ਧਰਤੀ ਹੇਠਲੇ ਪਾਣੀ ਦੀ ਸਥਿਤੀ ਦਾ ਨਿਰੀਖਣ ਕਰਕੇ ਲੋਕਾਂ ਨੂੰ ਦੱਸਣ ਵਾਲੇ ਗਰਾਊਂਡ ਵਾਟਰ ਸੈਲ ਵਿੱਚ ਵੱਡੇ ਪੱਧਰ 'ਤੇ ਅਸਾਮੀਆਂ ਖਾਲੀ ਪਈਆਂ ਹਨ, ਜਿਸ ਤੋਂ ਪਤਾ ਲੱਗਦਾ ਹੈ ਕਿ ਸਰਕਾਰਾਂ ਧਰਤੀ ਹੇਠਲੇ ਪਾਣੀ ਨੂੰ ਲੈ ਕੇ ਕਿੰਨ੍ਹੀਆਂ ਕੁ ਚਿੰਤਤ ਹਨ। ਜੇਕਰ ਬਠਿੰਡਾ ਦੇ ਗਰਾਊਂਡ ਵਾਟਰ ਸੈਲ ਦੀ ਗੱਲ ਕੀਤੀ ਜਾਵੇ ਤਾਂ ਇਹ ਸਿਰਫ ਦੋ ਮੁਲਾਜ਼ਮਾਂ ਦੇ ਸਹਾਰੇ ਚੱਲ ਰਿਹਾ ਹੈ। ਸੈਲ ਵਿੱਚ ਕੋਈ ਵੀ ਤਕਨੀਕੀ ਅਧਿਕਾਰੀ ਨਹੀਂ ਹੈ। ਸਿਰਫ ਸੀਨੀਅਰ ਸਹਾਇਕ ਅਤੇ ਸਟੈਨੋ ਟਾਈਪਿਸਟ ਹੀ ਤਾਇਨਾਤ ਹੈ, ਜਦੋਂ ਕਿ ਦੋ ਬੇਲਦਾਰ ਹਨ। ਇੱਥੇ 17 ਕੁੱਲ ਅਸਾਮੀਆਂ ਵਿੱਚੋਂ 13 ਅਸਾਮੀਆਂ ਖਾਲੀ ਪਈਆਂ ਹਨ। ਇੱਥੋਂ ਤੱਕ ਕਿ ਮੁੱਖ ਜੂਓਲੋਜਿਸਟ ਦੀ ਪੋਸਟ ਵੀ ਖਾਲੀ ਹੈ, ਜਿਸ ਦਾ ਚਾਰਜ ਸੰਗਰੂਰ ਦੀ ਜੂਓਲੋਜਿਸਟ ਨੂੰ ਦਿੱਤਾ ਗਿਆ ਹੈ। ਬਠਿੰਡਾ ਦੇ ਗਰਾਊਂਡ ਵਾਟਰ ਸੈਲ ਵਿੱਚ ਜੂਨੀਅਰ ਐਗਰੀਕਲਚਰ ਇੰਜੀਨੀਅਰ ਦੀਆਂ ਕੁੱਲ ਛੇ ਅਸਾਮੀਆਂ ਹਨ, ਜਿਹੜੀਆਂ ਲੰਬੇ ਸਮੇਂ ਤੋਂ ਖਾਲੀ ਪਈਆਂ ਹਨ। ਇਸ ਤਰ੍ਹਾਂ ਕੈਮੀਕਲ ਸਹਾਇਕ ਦੀ ਇੱਕ ਅਸਾਮੀ ਵੀ ਖਾਲੀ ਪਈ ਹੈ। ਇਸ ਤੋਂ ਇਲਾਵਾ ਸੀਨੀਅਰ ਟੈਕਨੀਕਲ ਅਸਿਸਟੈਂਟ ਦੀ ਅਸਾਮੀ ਵੀ ਖਾਲੀ ਹੈ। ਸਹਾਇਕ ਜੂਓਲੋਜਿਸਟ ਅਸਾਮੀ ਵੀ ਨਹੀਂ ਭਰੀ ਹੋਈ। ਇਸ ਤਰ੍ਹਾਂ ਸੀਨੀਅਰ ਟੈਕਨੀਕਲ ਅਸਿਸਟੈਂਟ ਦੀ ਅਸਾਮੀ ਵੀ ਖਾਲੀ ਹੈ। ਇਸ ਤੋਂ ਇਲਾਵਾ ਡਰਾਈਵਰ ਅਤੇ ਪੀਅਨ ਦੀਆਂ ਦੋ ਅਸਾਮੀਆਂ ਵੀ ਖਾਲੀ ਪਈਆਂ ਹਨ। ਬਠਿੰਡਾ ਦੇ ਗਰਾਊਂਡ ਵਾਟਰ ਸੈਲ ਵਿੱਚ ਸਿਰਫ ਸੀਨੀਅਰ ਅਸਿਸਟੈਂਟ ਅਤੇ ਟਾਈਪਿਸਟ ਦੀ ਅਸਾਮੀ ਹੀ ਭਰੀ ਹੋਈ ਹੈ। ਗਰਾਊਂਡ ਵਾਟਰ ਸੈਲ ਇਨ੍ਹਾਂ ਦੋ ਮੁਲਾਜ਼ਮਾਂ ਦੇ ਸਹਾਰੇ ਹੀ ਚੱਲ ਰਿਹਾ ਹੈ। ਹਾਲਾਂਕਿ ਗਰਾਊਂਡ ਵਾਟਰ ਸੈਲ ਵਿੱਚ ਧਰਤੀ ਹੇਠਲੇ ਪਾਣੀ ਨੂੰ ਮਾਪਣ ਲਈ ਕੋਈ ਵੀ ਤਕਨੀਕੀ ਅਧਿਕਾਰੀ ਇੱਥੇ ਨਹੀਂ ਹੈ। ਗਰਾਊਂਡ ਵਾਟਰ ਸੈਲ ਵੱਲੋਂ ਸਾਲ ਵਿੱਚ ਦੋ ਵਾਰ ਜ਼ਮੀਨਦੋਜ਼ ਪਾਣੀ ਮਾਪਿਆ ਜਾਂਦਾ ਹੈ, ਪਰ ਜਦੋਂ ਸੈਲ ਕੋਲ ਕੋਈ ਟੈਕਨੀਕਲ ਅਧਿਕਾਰੀ ਹੀ ਨਹੀਂ ਤਾਂ ਇਸ ਦੀ ਰਿਪੋਰਟ 'ਤੇ ਵੀ ਉਂਗਲ ਉੱਠਦੀ ਹੈ।

## ਇੱਕ ਏਕੜ ਝੋਨੇ ਲਈ 60 ਲੱਖ ਲੀਟਰ ਪਾਣੀ ਦੀ ਪੈਂਦੀ ਹੈ ਲੋੜ

ਸੂਬੇ ਵਿੱਚ ਝੋਨੇ ਹੇਠ ਲਗਾਤਾਰ ਰਕਬਾ ਵੱਧ ਰਿਹਾ ਹੈ, ਜਿਸ ਕਾਰਨ ਅਸੀਂ ਲਗਾਤਾਰ ਧਰਤੀ ਹੇਠੋਂ ਪਾਣੀ ਕੱਢ ਰਹੇ ਹਾਂ। ਕਿਸੇ ਸਮੇਂ ਸੂਬੇ ਵਿੱਚ ਜ਼ਿਆਦਾਤਰ ਨਰਮਾ ਅਤੇ ਹੋਰ ਫ਼ਸਲਾਂ ਦੀ ਕਾਸ਼ਤ ਕੀਤੀ ਜਾਂਦੀ ਰਹੀ ਹੈ। ਪਰ ਜਦੋਂ ਤੋਂ ਸੂਬੇ ਅੰਦਰ ਝੋਨੇ ਦੀ ਬਿਜਾਈ ਸ਼ੁਰੂ ਹੋਈ ਹੈ, ਤਾਂ ਦੂਸਰੀਆਂ ਫ਼ਸਲਾਂ ਹੇਠੋਂ ਰਕਬਾ ਬਿਲਕੁਲ ਘੱਟ ਗਿਆ ਹੈ। ਸੂਬੇ ਵਿੱਚੋਂ ਫ਼ਸਲੀ ਵਿਭਿੰਨਤਾ ਬਿਲਕੁਲ ਖਤਮ ਕਿਨਾਰੇ ਪੁੱਜ ਗਈ ਹੈ। ਸਾਲ 2018 ਵਿੱਚ ਸੂਬੇ ਅੰਦਰ 30 ਲੱਖ ਹੈਕਟੇਅਰ ਰਕਬੇ ਵਿੱਚ ਝੋਨੇ ਦੀ ਬਿਜਾਈ ਹੋਈ ਸੀ, ਜਿਹੜੀ ਕਿ ਸਾਲ 2019 ਵਿੱਚ ਵੱਧ ਕੇ 31.42 ਲੱਖ ਹੈਕਟੇਅਰ ਤੱਕ ਪੁੱਜ ਗਈ। ਸਾਲ 2021 ਵਿੱਚ ਝੋਨੇ ਹੇਠ ਰਕਬਾ ਵੱਧ ਕੇ 31.49 ਲੱਖ ਹੈਕਟੇਅਰ ਹੋ ਗਿਆ। ਮੌਜੂਦਾ ਸਮੇਂ ਸੂਬੇ ਅੰਦਰ ਕਰੀਬ 35 ਲੱਖ ਹੈਕਟੇਅਰ ਰਕਬੇ ਵਿੱਚ ਝੋਨੇ ਦੀ ਬਿਜਾਈ ਕੀਤੀ ਜਾਂਦੀ ਹੈ। ਇੱਕ ਕਿਲੋ ਚੌਲ ਪੈਦਾ ਕਰਨ ਲਈ ਕਰੀਬ 3500 ਤੋਂ 4000 ਲੀਟਰ ਪਾਣੀ ਦੀ ਵਰਤੋਂ ਹੁੰਦੀ ਹੈ। ਇਸ ਤਰ੍ਹਾਂ ਅਸੀਂ ਹਰ ਸਾਲ ਕਰੋੜਾਂ ਅਰਬਾਂ ਲੀਟਰ ਪਾਣੀ ਧਰਤੀ ਹੇਠੋਂ ਕੱਢ ਰਹੇ ਹਾਂ, ਜਦੋਂਕਿ ਪਾਣੀ ਰੀਚਾਰਜ ਕਰਨ ਦੇ ਪੁਖਤਾ ਪ੍ਰਬੰਧ ਨਹੀਂ ਹਨ। ਸੇਵਾ ਮੁਕਤ ਮੁੱਖ ਖੇਤੀਬਾੜੀ ਅਫਸਰ ਬੀ. ਕੇ. ਬਰਾੜ ਨੇ ਦੱਸਿਆ ਕਿ ਝੋਨੇ ਦੀ ਇੱਕ ਏਕੜ ਫ਼ਸਲ ਲਈ 60 ਲੱਖ ਲੀਟਰ ਪਾਣੀ ਦੀ ਵਰਤੋਂ ਹੁੰਦੀ ਹੈ, ਜਦੋਂ ਕਿ 6 ਹਜ਼ਾਰ ਰੁਪਏ ਦੀ ਬਿਜਲੀ ਵਰਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਫ਼ਸਲੀ ਵਿਭਿੰਨਤਾ ਨੂੰ ਲਾਗੂ ਕਰਨ ਲਈ ਸਰਕਾਰ ਖੁਦ ਤੇਲ ਬੀਜ, ਸਬਜ਼ੀਆਂ, ਸਰ੍ਹੋਂ, ਮੱਕੀ ਸਮੇਤ ਹੋਰ ਫ਼ਸਲਾਂ ਦੀ ਆਪਣੇ ਅਦਾਰਿਆਂ ਰਾਹੀਂ ਖਰੀਦ ਕਰੇ। ਉਨ੍ਹਾਂ ਕਿਹਾ ਕਿ ਝੋਨੇ ਦੀ ਇੱਕ ਏਕੜ ਫ਼ਸਲ 'ਤੇ ਪਾਣੀ ਤੋਂ ਬਿਨ੍ਹਾਂ ਖਰਚ ਹੋਣ ਵਾਲੇ 8500 ਰੁਪਏ ਦੀ ਥਾਂ ਮੱਕੀ ਤੇ ਹੋਰ ਫ਼ਸਲਾਂ ਬੀਜਣ ਵਾਲੇ ਕਿਸਾਨਾਂ ਨੂੰ ਕਰੀਬ 10 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ੇ ਦੇ ਰੂਪ ਵਿੱਚ ਦੇਵੇ ਤਾਂ ਫ਼ਸਲੀ ਵਿਭਿੰਨਤਾ ਖੁਦ-ਬ-ਖੁਦ ਲਾਗੂ ਹੋ ਜਾਵੇਗੀ, ਜਿਸ ਨਾਲ ਧਰਤੀ ਹੇਠਲੇ ਪਾਣੀ ਦੀ ਬੱਚਤ ਹੋਵੇਗੀ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਵੀ ਮੁਨਾਫੇ ਦੀ ਜਗ੍ਹਾ ਇਹ ਸੋਚਣਾ ਚਾਹੀਦਾ ਹੈ ਕਿ ਉਹ ਅਗਲੀਆਂ ਪੀੜ੍ਹੀਆਂ ਦੇ ਹਿੱਸੇ ਦਾ ਪਾਣੀ ਖਤਮ ਕਰ ਰਹੇ ਹਨ। ਉਹ ਝੋਨਾ ਨਹੀਂ, ਸਗੋਂ ਪਾਣੀ ਵੇਚ ਰਹੇ ਹਨ।

## 14.50 ਲੱਖ ਤੋਂ ਵੱਧ ਟਿਊਬਵੈਲ ਕੱਢ ਰਹੇ ਨੇ ਧਰਤੀ ਹੇਠੋਂ ਪਾਣੀ

ਸੂਬੇ ਵਿੱਚ 72% ਜ਼ਮੀਨ ਦੀ ਸਿੰਚਾਈ ਟਿਊਬਵੈਲਾਂ 'ਤੇ ਨਿਰਭਰ ਹੈ, ਜਦੋਂ ਕਿ 28 ਫੀਸਦੀ ਸਿੰਚਾਈ ਹੀ ਨਹਿਰੀ ਪਾਣੀ ਨਾਲ ਹੁੰਦੀ ਹੈ। ਹਰ ਸਾਲ ਟਿਊਬਵੈਲਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਸਾਲ 2001 ਵਿੱਚ 10.71 ਲੱਖ ਟਿਊਬਵੈਲ ਸਨ, ਧਰਤੀ ਹੇਠੋਂ ਪਾਣੀ ਕੱਢਦੇ ਸਨ, ਜਦੋਂ ਕਿ 2005-2006 ਵਿੱਚ ਇਨ੍ਹਾਂ ਦੀ ਗਿਣਤੀ ਵੱਧ ਕੇ 11.80 ਲੱਖ ਹੋ ਗਈ। ਸਾਲ 2012-13 ਵਿੱਚ ਟਿਊਬਵੈਲਾਂ ਦੀ ਗਿਣਤੀ 12 ਲੱਖ ਦੇ ਕਰੀਬ ਪਹੁੰਚ ਗਈ, ਜਦੋਂ ਕਿ ਮੌਜੂਦਾ ਸਮੇਂ ਵੀ 14.50 ਲੱਖ ਤੋਂ ਜ਼ਿਆਦਾ ਟਿਊਬਵੈਲ ਜ਼ਮੀਨਦੋਜ਼ ਪਾਣੀ ਨੂੰ ਲਗਾਤਾਰ ਬਾਹਰ ਕੱਢ ਰਹੇ ਹਨ। ਜੇ ਪਾਣੀ ਕੱਢਣ ਦਾ ਰੁਝਾਨ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਭਵਿੱਖ ਵਿੱਚ ਪਾਣੀ ਦੀ ਵੱਡੀ ਘਾਟ ਦਾ ਸਾਹਮਣਾ ਕਰਨਾ ਪਵੇਗਾ।

## ਔਸਤ ਤੋਂ ਘੱਟ ਹੋ ਰਹੀ ਹੈ ਬਾਰਿਸ਼

ਪੰਜਾਬ ਵਿੱਚ ਕਰੀਬ 650 ਮਿਲੀਮੀਟਰ ਮੀਂਹ ਹਰ ਸਾਲ ਪੈਂਦਾ ਹੈ, ਜਦੋਂਕਿ ਝੋਨਾ ਪੈਦਾ ਕਰਨ ਵਾਲੇ ਸੂਬਿਆਂ ਵਿੱਚ 1500 ਮਿਲੀਮੀਟਰ ਸਲਾਨਾ ਮੀਂਹ ਪੈਂਦਾ ਹੈ। ਸਾਲ 1979 ਬਾਅਦ ਹਰ ਸਾਲ ਲਗਭਗ 75 ਫੀਸਦੀ ਰਕਬੇ ਵਿੱਚ ਝੋਨੇ ਦੀ ਕਾਸ਼ਤ ਨਾਲ ਪਾਣੀ ਦੀ ਤਬਾਹੀ ਹੋ ਰਹੀ ਹੈ। ਅਸਲ ਵਿੱਚ ਜਿਹੜੇ ਸੂਬੇ ਅੰਦਰ 1500 ਤੋਂ 2000 ਸਾਲਾਨਾ ਮਿਲੀਮੀਟਰ ਮੀਂਹ ਪੈਂਦਾ ਹੈ, ਉਨ੍ਹਾਂ ਸੂਬਿਆਂ ਦੀ ਹੀ ਝੋਨਾ ਫ਼ਸਲ ਹੈ। ਬਠਿੰਡਾ ਜ਼ਿਲ੍ਹੇ ਅੰਦਰ ਪਿਛਲੇ 10 ਸਾਲਾਂ ਦੌਰਾਨ ਸਿਰਫ 450 ਮਿਲੀਮੀਟਰ ਮੀਂਹ ਪਿਆ ਹੈ, ਜਦੋਂਕਿ ਮੋਗਾ ਵਿੱਚ ਔਸਤਨ 403 ਮਿਲੀਮੀਟਰ ਮੀਂਹ ਪਿਆ ਹੈ। ਜੇਕਰ ਰਿਪੋਰਟ 'ਤੇ ਨਜ਼ਰ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਸਾਲ 1970 ਵਿੱਚ ਪੰਜਾਬ ਅੰਦਰ ਔਸਤਨ 672 ਮਿਲੀਮੀਟਰ ਮੀਂਹ ਪਿਆ ਸੀ, ਜਦੋਂਕਿ ਇੱਕ ਦਹਾਕੇ ਬਾਅਦ ਸਾਲ 1980 ਵਿੱਚ 739 ਮਿਲੀਮੀਟਰ ਮੀਂਹ ਪਿਆ। ਇਸ ਤੋਂ ਸੱਤ ਸਾਲ ਬਾਅਦ ਫਿਰ 710 ਮਿਲੀਮੀਟਰ ਮੀਂਹ ਪਿਆ। ਇਸ ਤੋਂ ਕਰੀਬ 16 ਸਾਲ ਬਾਅਦ ਸਾਲ 2013 ਵਿੱਚ 620 ਮਿਲੀਮੀਟਰ ਬਾਰਿਸ਼ ਹੋਈ, ਜਦੋਂਕਿ ਇਸ ਤੋਂ 7 ਸਾਲਾਂ ਬਾਅਦ ਸਾਲ 2020 ਵਿੱਚ 603 ਮਿਲੀਮੀਟਰ ਮੀਂਹ ਪਿਆ ਹੈ। ਸਾਲ 2021 ਵਿੱਚ ਸੂਬੇ ਅੰਦਰ 528 ਮਿਲੀਮੀਟਰ ਮੀਂਹ ਪਿਆ। ਇਸ ਤਰ੍ਹਾਂ ਕਈ ਸਾਲਾਂ ਵਿੱਚ ਬਹੁਤ ਘੱਟ ਮੀਂਹ ਪਿਆ। ਸਾਲ 2002 ਵਿੱਚ ਸੂਬੇ ਅੰਦਰ ਸਿਰਫ 315 ਮਿਲੀਮੀਟਰ ਮੀਂਹ ਹੀ ਪਿਆ ਸੀ। ਬਹੁਤ ਹੀ ਸਾਲਾਂ ਵਿੱਚ ਸੂਬੇ ਅੰਦਰ ਲੋੜੀਂਦੀ ਔਸਤਨ 650 ਮਿਲੀਮੀਟਰ ਬਾਰਿਸ਼ ਵੀ ਨਹੀਂ ਹੋਈ।

# ਘਰ ਸਜਾਓ ਰੰਗ-ਬਿਰੰਗੇ ਫੁੱਲਾਂ ਨਾਲ



**ਫੁੱਲਾਂ ਦੀ ਚੋਣ** : ਤੁਹਾਡੀ ਬਗੀਚੀ ਵਿਚ ਜਿਸ ਵੀ ਤਰ੍ਹਾਂ ਦੇ ਫੁੱਲ ਲੱਗੇ ਹਨ, ਉਨ੍ਹਾਂ ਨੂੰ ਸਜਾ ਕੇ ਤੁਸੀਂ ਘਰ ਦੇ ਵਾਤਾਵਰਨ ਨੂੰ ਸੁਗੰਧਿਤ ਬਣਾ ਸਕਦੇ ਹੋ। ਜੇਕਰ ਖਰੀਦਣੇ ਹੀ ਹਨ ਤਾਂ ਘਰਾਂ ਵਿਚ ਲੋਕ ਅਕਸਰ ਰਜਨੀ ਗੰਧਾ ਜਾਂ ਗੁਲਾਬ ਜੋ ਸੌਖਿਆਂ ਹੀ ਬਜ਼ਾਰ ਤੋਂ ਮਿਲ ਜਾਂਦੇ ਹਨ, ਉਨ੍ਹਾਂ ਦੀ ਚੋਣ ਕਰਦੇ ਹਨ। ਜੇਕਰ ਘਰ ਵਿਚ ਕੋਈ ਫੰਕਸ਼ਨ ਹੈ ਅਤੇ ਉਸ ਲਈ ਅਸੀਂ ਫੁੱਲਾਂ ਦੀ ਦੁਕਾਨ 'ਤੇ ਜਾ ਕੇ ਆਪਣੀ ਪਸੰਦ ਦੇ ਫੁੱਲਾਂ ਦੀ ਚੋਣ ਕਰ ਸਕਦੇ ਹਾਂ ਜਾਂ ਉਨ੍ਹਾਂ ਤੋਂ ਫੰਕਸ਼ਨ ਅਨੁਸਾਰ ਸਹੀ ਫੁੱਲਾਂ ਬਾਰੇ ਸਲਾਹ ਲੈ ਸਕਦੇ ਹਾਂ। ਜੇਕਰ ਤੁਸੀਂ ਕਿਸੇ ਖਾਸ ਥੀਮ ਲਈ ਫੁੱਲਾਂ ਦੀ ਚੋਣ ਕਰ ਰਹੇ ਹੋ ਤਾਂ ਉਸ ਬਾਰੇ ਵੀ ਸਲਾਹ ਲਈ ਜਾ ਸਕਦੀ ਹੈ। ਗੁਲਾਬ ਤਾਂ ਸਾਰਿਆਂ ਦਾ ਪਿਆਰਾ ਹੈ। ਇਸ ਤੋਂ ਬਾਅਦ ਟਿਊਲਿਪ, ਆਰਕਿੰਡ, ਕਾਰਨਸ਼ੀਅਨ ਵੀ ਚੁਣ ਸਕਦੇ ਹੋ।

**ਕਿੱਥੇ, ਕਿਸ ਤਰ੍ਹਾਂ ਦੇ ਫੁੱਲ ਰੱਖੀਏ** : ਫੁੱਲ ਘਰ ਦੀ ਸੁੰਦਰਤਾ ਵਧਾਉਣ ਦੇ ਨਾਲ-ਨਾਲ ਘਰ ਵਿਚ ਖੁਸ਼ਹਾਲੀ ਵੀ ਲਿਆਉਂਦੇ ਹਨ। ਇਨ੍ਹਾਂ ਨੂੰ ਘਰ ਵਿਚ ਰੱਖਣ ਨਾਲ ਘਰ ਹਾਂ-ਪੱਖੀ ਕਿਰਨਾਂ ਆਉਂਦੀਆਂ ਹਨ ਅਤੇ ਘਰ ਦਾ ਵਾਤਾਵਰਨ ਸੁਗੰਧਿਤ ਹੋ ਜਾਂਦਾ ਹੈ। ਕਈ ਲੋਕ ਬੈੱਡਰੂਮ ਵਿਚ ਤਾਜ਼ੇ ਫੁੱਲ ਰੱਖਣ ਦੀ ਬਜਾਏ ਨਕਲੀ ਰੱਖਣਾ ਪਸੰਦ ਕਰਦੇ ਹਨ ਕਿਉਂਕਿ ਫੁੱਲ ਛੇਤੀ ਸੁੱਕ ਜਾਂਦੇ ਹਨ। ਜੇਕਰ ਤਾਜ਼ੇ ਫੁੱਲ ਰੱਖਣੇ ਹਨ ਤਾਂ ਸੁੱਕਣ 'ਤੇ ਉਨ੍ਹਾਂ ਨੂੰ ਤੁਰੰਤ ਹਟਾ ਦੇਣਾ ਚਾਹੀਦਾ ਹੈ। ਲਿਵਿੰਗ ਰੂਮ ਲਈ ਵੱਖ-ਵੱਖ ਫੁੱਲਾਂ ਦੀਆਂ ਪੱਤੀਆਂ ਦੀ ਵੀ ਚੋਣ ਕਰ ਸਕਦੇ ਹੋ। ਪੱਛਮ ਦਿਸ਼ਾ ਵਿਚ ਸੂਰਜਮੁੱਖੀ ਦੇ ਫੁੱਲ ਰੱਖਣੇ ਚਾਹੀਦੇ ਹਨ। ਗੁਲਾਬ ਦੇ ਫੁੱਲਾਂ ਦਾ ਗੁੱਛਾ ਦੱਖਣ-ਪੱਛਮ ਕੋਨੇ ਵਿਚ ਰੱਖਣਾ ਚਾਹੀਦਾ ਹੈ। ਮੇਜ਼ 'ਤੇ ਲਾਲ ਅਤੇ ਨਾਰੰਗੀ ਰੰਗ ਦੇ ਫੁੱਲ ਬੱਚਿਆਂ ਦੇ ਕਮਰਿਆਂ ਲਈ ਬੈੱਡਰੂਮ ਲਈ ਗੁਲਾਬੀ ਰੰਗ ਦੀ ਚੋਣ ਕਰਨੀ ਚਾਹੀਦੀ ਹੈ ਕਿਉਂਕਿ ਇਹ ਪਿਆਰ ਦਾ ਰੰਗ ਹੁੰਦਾ ਹੈ। ਬਾਥਰੂਮ ਜਾਂ ਬੈੱਡਰੂਮ ਜਾਂ ਸਟੱਡੀ ਟੇਬਲ 'ਤੇ ਨੀਲੇ ਅਤੇ ਹਰੇ ਰੰਗ ਦੇ ਫੁੱਲ ਰੱਖਣੇ ਚਾਹੀਦੇ ਹਨ। ਫੁੱਲਾਂ ਤੋਂ ਇਲਾਵਾ ਘਰ ਵਿਚ ਬੈਂਬੂ ਪਲਾਂਟ ਭਾਵ ਬਾਂਸ ਦੇ ਬੂਟੇ ਨੂੰ ਵੀ ਰੱਖਿਆ ਜਾ ਸਕਦਾ ਹੈ। ਇਸ ਨੂੰ ਕਮਰੇ ਦੇ ਪੂਰਵੀ ਹਿੱਸੇ ਵਿਚ ਰੱਖਣਾ ਚਾਹੀਦਾ ਹੈ।

**ਨੁਕਤੇ** :

★ ਫੁੱਲ ਹਮੇਸ਼ਾ ਧੁੱਪ ਢਲਣ ਤੋਂ ਬਾਅਦ ਜਾਂ ਸਵੇਰੇ ਛੇਤੀ ਕੱਟੋ। ਕੱਟਣ ਲਈ ਚਾਕੂ ਜਾਂ ਕੈਂਚੀ ਦੀ ਵਰਤੋਂ ਕਰੋ।

★ ਕੱਟੇ ਫੁੱਲਾਂ ਨੂੰ ਪਾਣੀ ਦੇ ਕੌਲੇ ਵਿਚ ਹਨੇਰੀ ਥਾਂ 'ਤੇ ਰੱਖੋ ਤਾਂ ਕਿ ਫੁੱਲ ਤਾਜ਼ੇ ਰਹਿਣ।

★ ਜਿਸ ਫੁੱਲਦਾਰ ਵਿਚ ਫੁੱਲ ਲਗਾਓ ਉਸ ਦਾ ਪਾਣੀ ਰੋਜ਼ ਬਦਲੋ।

★ ਫੁੱਲ ਸਜਾਉਂਦੇ ਸਮੇਂ ਧਿਆਨ ਰੱਖੋ ਕਿ ਫੁੱਲਾਂ ਦੀਆਂ ਪੱਤੀਆਂ ਪਾਣੀ ਨਾਲ ਨਾ ਡੁੱਬਣ।

★ ਗਮਲਿਆਂ ਵਿਚ ਲੱਗੇ ਫੁੱਲਾਂ ਦੇ ਨਾਲ-ਨਾਲ ਬੂਟਿਆਂ ਦੀਆਂ ਟਾਹਣੀਆਂ ਤੇ ਪੱਤੀਆਂ ਦੀ ਵੀ ਵਰਤੋਂ ਕਰੋ।

★ ਲੰਮੀ ਡੰਡੀ ਵਾਲੇ ਫੁੱਲ ਜਿਵੇਂ ਗੁਲਾਬ, ਸੂਰਜਮੁਖੀ ਲਈ ਪੁਤਰਲੇ ਜਾਂ ਲੰਮੇ ਫੁੱਲਦਾਨ ਦੀ ਵਰਤੋਂ ਕਰੋ।

★ ਫੁੱਲਾਂ ਨੂੰ ਰੋਜ਼ ਵੱਖ-ਵੱਖ ਸ਼ੇਪ ਵਿਚ ਇਕੱਠਾ ਕੀਤਾ ਜਾ ਸਕਦਾ ਹੈ।

★ ਇਕ ਚੌੜੇ ਕੰਟੇਨਰ ਵਿਚ ਪਾਣੀ ਭਰ ਕੇ ਉਸ ਵਿਚ ਤਾਜ਼ੇ ਫੁੱਲਾਂ ਨੂੰ ਪਾਉਣ ਨਾਲ ਪੂਰਾ ਕਮਰਾ ਸੁਗੰਧਿਤ ਹੋ ਜਾਂਦਾ ਹੈ।

- ਅਨੂ ਆਰ.

# ਪਸ਼ੂਆਂ ਵਿੱਚ ਲੇਵੇ ਦੀ ਸੋਜ਼



ਡਾ. ਖੁਸ਼ਮੀਤ ਕੌਰ ਅਤੇ
ਡਾ. ਹਰਪ੍ਰੀਤ ਕੌਰ

**1. ਪਸ਼ੂਆਂ ਵਿੱਚ ਲੇਵੇ ਦੀ ਸੋਜ਼ - ਇੱਕ ਪ੍ਰਮੁੱਖ ਬਿਮਾਰੀ** : ਪੰਜਾਬ ਇੱਕ ਖੇਤੀ ਪ੍ਰਧਾਨ ਰਾਜ ਹੈ ਅਤੇ ਇਸਦੀ ਤਕਰੀਬਨ 70 ਫੀਸਦੀ ਵਸੋਂ ਪਿੰਡਾਂ ਵਿੱਚ ਵੱਸਦੀ ਹੈ। ਪੰਜਾਬ ਦੇ ਲੋਕਾਂ ਦਾ ਮੁੱਢ ਤੋਂ ਹੀ ਮੁੱਖ ਧੰਦਾ ਖੇਤੀਬਾੜੀ ਰਿਹਾ ਹੈ, ਪਰ ਹੁਣ ਵੱਧਦੀ ਆਬਾਦੀ ਕਾਰਨ ਵਾਹੀ ਯੋਗ ਜ਼ਮੀਨਾਂ ਸੁੰਗੜਦੀਆਂ ਜਾ ਰਹੀਆਂ ਹਨ। ਇਸ ਕਰਕੇ ਹੁਣ ਖੇਤੀ ਦੀ ਪੈਦਾਵਾਰ ਵਿੱਚ ਖੜੋਤ ਜਿਹੀ ਆ ਗਈ ਹੈ। ਸ਼ੁਰੂਆਤੀ ਦੌਰ ਵਿੱਚ ਹਰ ਕਿਸਾਨ ਵੀਰ ਦੇ ਘਰ 4-5 ਡੰਗਰ ਹੁੰਦੇ ਸਨ, ਜਿਨ੍ਹਾਂ ਦਾ ਦੁੱਧ ਘਰ ਵਿੱਚ ਹੀ ਵਰਤਿਆ ਜਾਂਦਾ, ਪਰ ਹੁਣ ਖੇਤੀਬਾੜੀ ਵਿੱਚ ਖੜੋਤ ਆਉਣ ਕਾਰਨ ਕਿਸਾਨਾਂ ਦਾ ਧਿਆਨ ਪਸ਼ੂ-ਪਾਲਣ ਦੇ ਧੰਦੇ ਵੱਲ ਮੁੜਿਆ ਹੈ ਅਤੇ ਹੁਣ ਉਹ ਇਸ ਨੂੰ ਸਹਾਇਕ ਧੰਦੇ ਅਤੇ ਇੱਥੋਂ ਤੱਕ ਕਿ ਮੁੱਖ ਧੰਦੇ ਦੇ ਤੌਰ 'ਤੇ ਹੀ ਅਪਨਾਉਣ ਲੱਗੇ ਹਨ, ਪਰ ਪਸ਼ੂ-ਪਾਲਣ ਬਾਰੇ ਵਿਗਿਆਨਕ ਜਾਣਕਾਰੀ ਨਾ ਹੋਣ ਕਾਰਨ, ਕਿਸਾਨ ਵੀਰਾਂ ਨੂੰ ਇਸ ਧੰਦੇ ਵਿੱਚ ਵੀ ਨੁਕਸਾਨ ਹੋ ਰਿਹਾ ਹੈ। ਪਸ਼ੂ-ਪਾਲਣ ਧੰਦੇ ਵਿੱਚ ਆਰਥਿਕ ਨੁਕਸਾਨ ਕਰਨ ਵਾਲੀਆਂ ਬਿਮਾਰੀਆਂ ਵਿੱਚੋਂ ਲੇਵੇ ਦੀ ਸੋਜ਼ ਇੱਕ ਪ੍ਰਮੁੱਖ ਬਿਮਾਰੀ ਹੈ। ਹਰ ਸਾਲ ਲੇਵੇ ਦੀ ਸੋਜ਼ ਦੇ ਕਾਰਨ ਦੇਸ਼ ਵਿੱਚ 7500 ਕਰੋੜ ਰੁਪਏ ਦਾ ਆਰਥਿਕ ਘਾਟਾ ਪੈਂਦਾ ਹੈ। ਇਸ ਬਿਮਾਰੀ ਦੀ ਛੇਤੀ ਪਹਿਚਾਣ ਅਤੇ ਤੁਰੰਤ ਇਲਾਜ ਬਹੁਤ ਜ਼ਰੂਰੀ ਹੈ ਤਾਂਕਿ ਇਸ ਤੋਂ ਹੋਣ ਵਾਲੇ ਘਾਟੇ ਨੂੰ ਘੱਟ ਕੀਤਾ ਜਾ ਸਕੇ।

**2. ਲੇਵੇ ਦੀ ਸੋਜ਼ ਦੋ ਤਰ੍ਹਾਂ ਦੀ ਹੁੰਦੀ ਹੈ - ਸਪੱਸ਼ਟ ਸੋਜ਼ ਅਤੇ ਗੁੱਝੀ ਸੋਜ਼** : ਲੇਵੇ ਦੀ ਸੋਜ਼ ਮੁੱਖ ਰੂਪ ਤੋਂ ਬੈਕਟੀਰੀਆ ਨਾਲ ਹੁੰਦੀ ਹੈ, ਜੋ ਕਿ ਦੋ ਪ੍ਰਕਾਰ ਦੇ ਹੁੰਦੇ ਹਨ। ਸੰਕ੍ਰਾਮਕ ਕੀਟਾਣੂ ਜਿਵੇਂ ਕਿ ਸਟਾਫਾਇਲੋਕੋਕਸ (Staphylococuus) ਅਤੇ ਸਟ੍ਰੈਪਟੋਕੋਕਸ (Stretococuus) ਲੇਵੇ ਅਤੇ ਥਣ ਦੇ ਉੱਤੇ ਰਹਿੰਦੇ ਹਨ। ਚੁਆਈ ਵੇਲੇ ਇਹ ਕੀਟਾਣੂ ਇੱਕ ਪਸ਼ੂ ਤੋਂ ਦੂਜੇ ਪਸ਼ੂ ਨੂੰ ਬਰਤਨ ਨਾਲ ਚੁਆਈ ਕਰਨ ਸਮੇਂ ਹੱਥ ਨਾਲ ਅਤੇ ਮਸ਼ੀਨ ਦੇ ਕੱਪ ਨਾਲ ਫੈਲ ਸਕਦੇ ਹਨ। ਦੂਜੇ ਕੀਟਾਣੂ ਪਸ਼ੂ ਦੇ ਗੋਹੇ ਵਿੱਚ ਬਿਸਤਰ, ਖਾਦ, ਮਿੱਟੀ, ਬੱਚੇਦਾਨੀ, ਡਿਸਚਾਰਜ ਅਤੇ ਪਿਸ਼ਾਬ ਵਿੱਚ ਹੁੰਦੇ ਹਨ, ਜਿਵੇਂ ਕਿ ਕੋਲੀਫਾਰਮ ਕੀਟਾਣੂ, ਇਹ ਕੀਟਾਣੂ ਪਸ਼ੂ ਨੂੰ ਕਦੇ ਵੀ ਲੱਗ ਸਕਦੇ ਹਨ।

**ਸਪੱਸ਼ਟ ਸੋਜ਼** : ਇਸ ਦਾ ਪਸ਼ੂ-ਪਾਲਕ ਨੂੰ ਪਤਾ ਲੱਗ ਜਾਂਦਾ ਹੈ। ਲੇਵੇ ਤੇ ਥਣ ਸੁੱਜ ਜਾਂਦੇ ਹਨ, ਟੋਹ ਕੇ ਦੇਖਣ ਤੇ ਲੇਵਾ ਸਖਤ ਜਾਂ ਗਰਮ ਲੱਗਦਾ ਹੈ ਅਤੇ ਹੱਥ ਲਾਉਣ 'ਤੇ ਪਸ਼ੂ ਦਰਦ ਮਹਿਸੂਸ ਕਰਦਾ ਹੈ, ਦੁੱਧ ਦਾ ਰੰਗ ਪੀਲਾ, ਕਰੀਮ ਵਰਗਾ, ਖੂਣ ਰੰਗਾ ਜਾਂ ਪਾਣੀ ਵਰਗਾ ਹੋ ਜਾਂਦਾ ਹੈ ਅਤੇ ਧਿਆਨ ਨਾਲ ਵੇਖਣ 'ਤੇ ਦੁੱਧ ਵਿੱਚ ਛਿੱਦੀਆਂ ਨਜ਼ਰ ਆਉਂਦੀਆਂ ਹਨ। ਇਸ ਦੇ ਨਾਲ ਕਈ ਵਾਰ ਪਸ਼ੂ ਨੂੰ ਬੁਖਾਰ ਹੋ ਜਾਂਦਾ ਹੈ, ਜਿਸ ਕਾਰਨ ਪਸ਼ੂ ਖਾਣਾ-ਪੀਣਾ ਛੱਡ ਦਿੰਦਾ ਹੈ ਅਤੇ ਸੁਸਤ ਹੋ ਜਾਂਦਾ ਹੈ।

**ਗੁੱਝੀ ਸੋਜ਼** : ਇਸ ਦਾ ਆਮ ਪਸ਼ੂ-ਪਾਲਕ ਨੂੰ ਪਤਾ ਨਹੀਂ ਲੱਗਦਾ, ਕਿਉਂਕਿ ਇਸ ਵਿੱਚ ਲੇਵੇ 'ਤੇ ਸੋਜ਼ਿਸ਼ ਨਹੀਂ ਹੁੰਦੀ। ਪਸ਼ੂ ਦਾ ਦੁੱਧ ਹੌਲੀ-ਹੌਲੀ ਘੱਟਦਾ ਜਾਂਦਾ ਹੈ ਅਤੇ ਬਾਅਦ ਵਿੱਚ ਥਣ ਛੋਟਾ ਹੋ ਕੇ ਮਰ ਜਾਂਦਾ ਹੈ। ਗੁੱਝੀ ਸੋਜ਼ ਨੂੰ ਪਹਿਚਾਨਣ ਦਾ ਬਹੁਤ ਹੀ ਆਸਾਨ ਤਰੀਕਾ ਹੈ - ਬੀ. ਟੀ. ਬੀ. ਟੈਸਟ। ਬੀ. ਟੀ. ਬੀ. ਪੇਪਰ ਛੋਟੇ-ਛੋਟੇ ਪੀਲੇ ਰੰਗ ਦੇ ਕਾਗਜ਼ ਦੇ ਟੁੱਕੜੇ ਹੁੰਦੇ ਹਨ। ਹਰ ਥਣ ਵਿੱਚੋਂ ਅਲੱਗ-ਅਲੱਗ ਟੁੱਕੜੇ 'ਤੇ ਦੁੱਧ ਦੀਆਂ ਦੋ-ਚਾਰ ਬੂੰਦਾਂ ਪਾਓ। ਜੇਕਰ ਪੀਲੇ ਰੰਗ ਵਿੱਚ ਕੋਈ ਫ਼ਰਕ ਨਾ ਪਵੇ ਤਾਂ ਸਮਝੋ ਥਣ ਠੀਕ ਹੈ। ਜੇਕਰ ਰੰਗ ਹਰਾ ਹੋ ਜਾਵੇ ਤਾਂ ਥੋੜ੍ਹੀ ਸੋਜ਼ਿਸ ਹੈ ਅਤੇ ਜੇਕਰ ਹਰਾ ਨੀਲਾ ਜਾਂ ਪੂਰਾ ਨੀਲਾ ਹੋ ਜਾਵੇ ਤਾਂ ਸਮਝੋ ਸੋਜ਼ਿਸ ਬਹੁਤ ਜ਼ਿਆਦਾ ਹੈ। ਜੇਕਰ ਇਸ ਟੈਸਟ ਨੂੰ ਹਰ ਹਫ਼ਤੇ ਕੀਤਾ ਜਾਵੇ ਤਾਂ ਪਸ਼ੂ-ਪਾਲਕ ਸਮੇਂ-ਸਿਰ ਲੇਵੇ ਦੀ ਗੁੱਝੀ ਸੋਜ਼ ਦਾ ਪਤਾ ਲਗਾ ਕੇ ਇਲਾਜ ਕਰਵਾ ਸਕਦਾ ਹੈ ਅਤੇ ਨੁਕਸਾਨ ਤੋਂ ਬਚ ਸਕਦਾ ਹੈ।

**ਬਚਾਅ ਲਈ ਨੁਕਤੇ**

**ਸਪੱਸ਼ਟ ਸੋਜ਼ ਦਾ ਤੁਰੰਤ ਇਲਾਜ** : ਲੇਵੇ ਦੀ ਸੋਜ਼ ਦਾ ਇਲਾਜ ਕਰਵਾਉਣਾ ਚਾਹੀਦਾ ਹੈ। ਹੋ ਸਕੇ ਤਾਂ ਦੁੱਧ ਦੇ ਨਮੂਨੇ ਦੀ ਜਾਂਚ ਕਰਵਾਉਣ ਤੋਂ ਬਾਅਦ ਹੀ ਐਂਟੀਬਾਇਓਟਿਕ ਕੋਰਸ ਸ਼ੁਰੂ ਕਰੋ, ਪਰ ਡਾਕਟਰ ਦੇ ਅਨੁਭਵ ਅਨੁਸਾਰ ਹੀ ਸ਼ੁਰੂ ਕੀਤਾ ਜਾ ਸਕਦਾ ਹੈ।

**ਸਾਫ਼-ਸਫ਼ਾਈ** : ਦੁੱਧ ਚੋਣ ਤੋਂ ਪਹਿਲਾਂ ਅਤੇ ਪਿੱਛੋਂ ਚੁਆਵੇ ਨੂੰ ਆਪਣੇ ਹੱਥ ਚੰਗੀ ਤਰ੍ਹਾਂ ਧੋ ਲੈਣੇ ਚਾਹੀਦੇ ਹਨ। ਧਾਰ ਕੱਢਣ ਤੋਂ ਪਹਿਲਾਂ ਲੇਵਾ ਚੰਗੀ ਤਰ੍ਹਾਂ ਧੋਵੋ ਅਤੇ ਸਾਫ਼ ਤੌਲੀਏ ਨਾਲ ਪੂੰਝ ਦਿਓ। ਜੇਕਰ ਤੁਸੀਂ ਮਸ਼ੀਨ ਨਾਲ ਚੁਆਈ ਕਰਦੇ ਹੋ ਤਾਂ ਮਸ਼ੀਨ ਦੀ ਦੇਖਭਾਲ ਬਹੁਤ ਜ਼ਰੂਰੀ ਹੈ। ਮਸ਼ੀਨ ਦੇ ਕੱਪ ਤੇ ਪਾਈਪ ਨੂੰ ਚੁਆਈ ਤੋਂ ਬਾਅਦ ਗਰਮ ਪਾਣੀ ਨਾਲ ਸਾਫ਼ ਕਰੋ। ਹਫ਼ਤੇ ਵਿੱਚ ਇੱਕ ਵਾਰ ਮਸ਼ੀਨ ਨੂੰ ਦਵਾਈ ਨਾਲ ਚੰਗੀ ਤਰ੍ਹਾਂ ਸਾਫ਼ ਕਰੋ। ਹਰ 2-3 ਮਹੀਨੇ ਵਿੱਚ ਮਸ਼ੀਨ ਦਾ ਪਰੈਸ਼ਰ ਚੈੱਕ ਕਰਨਾ ਚਾਹੀਦਾ ਹੈ। ਪਰੈਸ਼ਰ ਘੱਟ-ਵੱਧ ਹੋਣ ਨਾਲ ਲੇਵੇ ਦੀ ਸੋਜ਼ ਹੋ ਸਕਦੀ ਹੈ। ਮਸ਼ੀਨ ਦੇ ਕੱਪ ਦੀ ਰਬੜ ਨੂੰ ਛੇ ਮਹੀਨੇ ਵਿੱਚ ਇੱਕ ਵਾਰ ਬਦਲ ਦੇਣਾ ਚਾਹੀਦਾ ਹੈ। ਤੰਦਰੁਸਤ ਪਸ਼ੂਆਂ ਦਾ ਦੁੱਧ ਚੋ ਕੇ ਹੀ ਬੀਮਾਰ ਪਸ਼ੂਆਂ ਦਾ ਦੁੱਧ ਚੋਵੋ। ਇਸ ਨਾਲ ਬਿਮਾਰੀ ਇੱਕ ਪਸ਼ੂ ਤੋਂ ਦੂਜੇ ਪਸ਼ੂ ਨੂੰ ਨਹੀਂ ਲੱਗੇਗੀ।

**ਥਣਾਂ ਦਾ ਡੋਬਾ** : ਥਣਾਂ ਦੀ ਮੋਰੀ ਚੋਣ ਤੋਂ ਬਾਅਦ 1-2 ਘੰਟੇ ਤੱਕ ਖੁੱਲ੍ਹੀ ਰਹਿੰਦੀ ਹੈ। ਇਸ ਲਈ ਬੀਟਾਡੀਨ 3/4 ਹਿੱਸਾ ਅਤੇ ਗਲੀਸਰੀਨ 1 ਹਿੱਸਾ



ਗਿਲਾਸ ਵਿੱਚ ਭਰ ਲਉ ਅਤੇ ਪਸ਼ੂ ਨੂੰ ਚੋਣ ਤੋਂ ਬਾਅਦ ਸਾਰੇ ਥਣਾਂ ਨੂੰ 1-2 ਮਿੰਟ ਲਈ ਇਸ ਘੋਲ ਵਿੱਚ ਡੋਬਾ ਦਿਉ। ਬਾਅਦ ਵਿੱਚ ਘੋਲ ਨੂੰ ਢੱਕ ਕੇ ਰੱਖ ਦਿਉ ਅਤੇ ਦੁਬਾਰਾ ਫਿਰ ਉਸੇ ਘੋਲ ਵਿੱਚ ਡੋਬਾ ਦਿਉ। ਦੁੱਧ ਚੋਣ ਤੋਂ ਬਾਅਦ ਪਸ਼ੂਆਂ ਨੂੰ ਪੱਠੇ/ਦਾਣਾ ਆਦਿ ਪਾ ਦਿਓ ਤਾਂਕਿ ਪਸ਼ੂ ਖੜੇ ਰਹਿਣ ਅਤੇ ਹੇਠਾਂ ਦੇਰ ਨਾਲ ਬੈਠਣ, ਉਦੋਂ ਤੱਕ ਉਹਨਾਂ ਦੇ ਥਣਾਂ ਦੇ ਸੁਰਾਖ ਬੰਦ ਹੋ ਜਾਣਗੇ ਅਤੇ ਕੀਟਾਣੂ ਥਣਾਂ ਵਿੱਚ ਨਹੀਂ ਵੜ ਸਕਣਗੇ।

ਜੇਕਰ ਵੱਗ ਵਿੱਚ ਜ਼ਿਆਦਾ ਬਿਮਾਰੀ ਹੁੰਦੀ ਹੈ ਤਾਂ ਸੂਣ ਤੋਂ ਪਹਿਲਾਂ ਜਾਂ ਦੁੱਧ ਛੱਡਣ ਲੱਗਿਆਂ ਡਾਕਟਰ ਪਾਸੋਂ ਥਣਾਂ ਵਿੱਚ ਦਵਾਈ (Dry Therapy) ਭਰਵਾ ਦਿਉ। ਇਸ ਨਾਲ ਪੁਰਾਣੀ ਬੀਮਾਰੀ ਠੀਕ ਹੋ ਜਾਂਦੀ ਹੈ ਤੇ ਨਵੀਂ ਬਿਮਾਰੀ ਨਹੀਂ ਆਉਂਦੀ। ਜੇਕਰ ਪਸ਼ੂ ਨੂੰ 4-5 ਵਾਰ ਸੋਜ਼ਿਸ ਹੋ ਜਾਵੇ ਤਾਂ ਉਸਨੂੰ ਵੱਗ ਵਿੱਚੋਂ ਕੱਢ ਦੇਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।

**ਸਹੀ ਖੁਰਾਕ** : ਵਿਟਾਮਿਨ ਜਿਵੇਂ ਕਿ ਈ (E), ਏ (A) ਅਤੇ ਧਾਤਾਂ ਜਿਵੇਂ ਕਾਪਰ, ਜ਼ਿੰਕ, ਸੇਲੈਨਿਅਮ ਲਈ ਧਾਤਾਂ ਦਾ ਚੂਰਾ ਖੁਰਾਕ ਦਾ ਹਿੱਸਾ ਬਣਾਓ।

**ਪਸ਼ੂਆਂ ਨੂੰ ਮੱਖੀਆਂ ਤੋਂ ਬਚਾਓ** : ਇਸ ਲਈ ਵਾੜੇ ਦੀ ਸਾਫ਼-ਸਫ਼ਾਈ ਦਾ ਵਿਸ਼ੇਸ਼ ਧਿਆਨ ਰੱਖੋ। ਪਸ਼ੂਆਂ ਨੂੰ ਸਾਫ਼-ਸੁਥਰੇ ਹਵਾਦਾਰ ਡੇਰਿਆਂ ਵਿੱਚ ਰੱਖੋ। ਡੇਰਿਆਂ ਦੇ ਫਰਸ਼ ਇਸ ਤਰ੍ਹਾਂ ਦੇ ਬਣਾਓ ਕਿ ਮਲਮੂਤਰ ਜ਼ਿਆਦਾ ਦੇਰ ਤੱਕ ਨਾ ਰੁਕੇ ਅਤੇ ਫਰਸ਼ ਸੁੱਕਾ ਰਹੇ।

ਜੇਕਰ ਕਿਸਾਨ ਵੀਰ ਉਪਰੋਕਤ ਲਿਖੀਆਂ ਗੱਲਾਂ ਦਾ ਧਿਆਨ ਰੱਖਣ ਤਾਂ ਉਹ ਆਪਣੇ ਪਸ਼ੂਆਂ ਨੂੰ ਕਾਫ਼ੀ ਹੱਦ ਤੱਕ ਇਸ ਬਿਮਾਰੀ ਤੋਂ ਬਚਾ ਸਕਦੇ ਹਨ ਅਤੇ ਇਸ ਬਿਮਾਰੀ ਹੋਣ ਨਾਲ ਹੋਣ ਵਾਲੇ ਆਰਥਿਕ ਨੁਕਸਾਨ ਤੋਂ ਬਚ ਸਕਦੇ ਹਨ।



ਪ੍ਰਭਾਵਸ਼ਾਲੀ ਪ੍ਰਬੰਧਨ ਵਿਚ ਵਧੀਆ ਨਸਲਾਂ ਦੇ ਪਸ਼ੂ ਪੈਦਾ ਕਰਨ ਲਈ ਬਰੀਡਿੰਗ ਪ੍ਰਕਿਰਿਆ ਵੀ ਸ਼ਾਮਲ ਹੁੰਦੀ ਹੈ। ਦੁੱਧ ਕੱਢਣ ਦੀ ਸਾਫ-ਸੁਥਰੀ ਅਤੇ ਸਮਰੱਥ ਵਿਧੀ ਬਹੁਤ ਜਰੂਰੀ ਹੈ। ਰਿਕਾਰਡ ਰੱਖਣ ਨਾਲ ਦੁੱਧ ਦੀ ਉਤਪਾਦਕਤਾ, ਪਸ਼ੂਆਂ ਦੀ ਸਿਹਤ ਅਤੇ ਫਾਰਮ ਦੇ ਖਰਚਿਆਂ ਦੀ ਨਿਗਰਾਨੀ ਕੀਤੀ ਜਾਂਦੀ ਹੈ। ਇਸ ਦੇ ਨਾਲ-ਨਾਲ, ਖਾਦ ਪ੍ਰਬੰਧਨ, ਕਰਮਚਾਰੀਆਂ ਦੀ ਦੇਖਰੇਖ ਅਤੇ ਸਮਝਦਾਰੀ ਨਾਲ ਕੀਤੀ ਗਈ ਆਰਥਿਕ ਯੋਜਨਾ ਬਣਾਉਣੀ ਵੀ ਜ਼ਰੂਰੀ ਹੁੰਦੀ ਹੈ। ਵਾਤਾਵਰਣ ਦੀ ਸੰਭਾਲ ਲਈ ਟਿਕਾਊ ਤਰੀਕੇ ਅਪਣਾਉਣਾ ਵੀ ਡੇਅਰੀ ਫਾਰਮ ਦੀ ਲੰਬੇ ਸਮੇਂ ਦੀ ਕਾਮਯਾਬੀ ਲਈ ਲਾਜ਼ਮੀ ਹੈ।

# ਡੇਅਰੀ ਫਾਰਮ ਪ੍ਰਬੰਧਨ ਅਤੇ ਬਾਇਓਸਿਕਯੂਰਿਟੀ

ਡਾ. ਸਨਮੀਤ ਕੌਰ,
ਪੀਐਚ. ਡੀ. ਵੈਟਰਨਰੀ
ਮਾਈਕਰੋਬਾਇਓਲੋਜੀ

ਡੇਅਰੀ ਫਾਰਮ ਪ੍ਰਬੰਧਨ (ਮੈਨੇਜਮੈਂਟ) ਦਾ ਅਰਥ ਹੈ ਕਿ ਇਕ ਡੇਅਰੀ ਫਾਰਮ ਦੀਆਂ ਸਾਰੀਆਂ ਗਤੀਵਿਧੀਆਂ ਨੂੰ ਸੁਚੱਜੇ ਢੰਗ ਨਾਲ ਚਲਾਉਣਾ ਤਾਂ ਜੋ ਉੱਚ ਗੁਣਵੱਤਾ ਵਾਲਾ ਦੁੱਧ ਉਤਪਾਦਨ ਹੋ ਸਕੇ ਅਤੇ ਮਾਲੀ ਫਾਇਦਾ ਹੋਵੇ। ਇਸ ਵਿਚ ਪਸ਼ੂਆਂ ਦੀ ਸਹੀ ਸੰਭਾਲ ਕਰਨੀ ਸ਼ਾਮਲ ਹੈ, ਜਿਸ ਵਿਚ ਪੋਸ਼ਣ ਵਾਲਾ ਚਾਰਾ, ਸਾਫ ਪਾਣੀ, ਆਰਾਮਦਾਇਕ ਰਿਹਾਇਸ਼ ਅਤੇ ਨਿਯਮਤ ਸਿਹਤ ਜਾਂਚ ਸ਼ਾਮਲ ਹਨ ਤਾਂ ਜੋ ਉਹ ਤੰਦਰੁਸਤ ਅਤੇ ਉਤਪਾਦਕ ਰਹਿਣ। ਪ੍ਰਭਾਵਸ਼ਾਲੀ ਪ੍ਰਬੰਧਨ ਵਿਚ ਵਧੀਆ ਨਸਲਾਂ ਦੇ ਪਸ਼ੂ ਪੈਦਾ ਕਰਨ ਲਈ ਬਰੀਡਿੰਗ ਪ੍ਰਕਿਰਿਆ ਵੀ ਸ਼ਾਮਲ ਹੁੰਦੀ ਹੈ। ਦੁੱਧ ਕੱਢਣ ਦੀ ਸਾਫ-ਸੁਥਰੀ ਅਤੇ ਸਮਰੱਥ ਵਿਧੀ ਬਹੁਤ ਜਰੂਰੀ ਹੈ। ਰਿਕਾਰਡ ਰੱਖਣ ਨਾਲ ਦੁੱਧ ਦੀ ਉਤਪਾਦਕਤਾ, ਪਸ਼ੂਆਂ ਦੀ ਸਿਹਤ ਅਤੇ ਫਾਰਮ ਦੇ ਖਰਚਿਆਂ ਦੀ ਨਿਗਰਾਨੀ ਕੀਤੀ ਜਾਂਦੀ ਹੈ। ਇਸ ਦੇ ਨਾਲ-ਨਾਲ, ਖਾਦ ਪ੍ਰਬੰਧਨ, ਕਰਮਚਾਰੀਆਂ ਦੀ ਦੇਖਰੇਖ ਅਤੇ ਸਮਝਦਾਰੀ ਨਾਲ ਕੀਤੀ ਗਈ ਆਰਥਿਕ ਯੋਜਨਾ ਬਣਾਉਣੀ ਵੀ ਜ਼ਰੂਰੀ ਹੁੰਦੀ ਹੈ। ਵਾਤਾਵਰਣ ਦੀ ਸੰਭਾਲ ਲਈ ਟਿਕਾਊ ਤਰੀਕੇ ਅਪਣਾਉਣਾ ਵੀ ਡੇਅਰੀ ਫਾਰਮ ਦੀ ਲੰਬੇ ਸਮੇਂ ਦੀ ਕਾਮਯਾਬੀ ਲਈ ਲਾਜ਼ਮੀ ਹੈ।



## ਡੇਅਰੀ ਫਾਰਮ ਮੈਨੇਜਮੈਂਟ

**1. ਪਸ਼ੂ ਚੋਣ ਅਤੇ ਬਰੀਡਿੰਗ**

★ **ਨਸਲ ਦੀ ਚੋਣ** : ਉੱਚ ਦੁੱਧ ਉਤਪਾਦਨ ਵਾਲੀਆਂ ਨਸਲਾਂ ਜਿਵੇਂ ਹੋਲਸਟਿਨ ਫ੍ਰੀਜ਼ੀਅਨ, ਜਰਸੀ ਜਾਂ ਸਥਾਨਕ ਉੱਚ ਦੁੱਧ ਉਤਪਾਦਨ ਵਾਲੀਆਂ ਨਸਲਾਂ (ਜਿਵੇਂ ਗੀਰ, ਸਾਹੀਵਾਲ) ਦੀ ਚੋਣ ਕਰੋ।

★ **ਬਰੀਡਿੰਗ ਪ੍ਰੋਗਰਾਮ** : ਆਰਟੀਫੀਸ਼ੀਅਲ ਇਨਸੀਮੀਨੇਸ਼ਨ ਜਾਂ ਕੁਦਰਤੀ ਤਰੀਕਿਆਂ ਨਾਲ; ਹੀਟ ਚੱਕਰ ਅਤੇ ਬਰੀਡਿੰਗ ਦਾ ਰਿਕਾਰਡ ਰੱਖੋ।

**2. ਚਾਰਾ ਅਤੇ ਪੋਸ਼ਣ**

★ **ਸੰਤੁਲਿਤ ਖੁਰਾਕ** : ਹਰਾ ਚਾਰਾ, ਸੁੱਕਾ ਚਾਰਾ, ਅਨਾਜ ਅਤੇ ਖਣਿਜ ਮਿਕਸਚਰ ਸ਼ਾਮਲ ਕਰੋ।

★ **ਪਾਣੀ ਦੀ ਉਪਲਬਧਤਾ** : ਸਾਫ ਅਤੇ ਠੰਢਾ ਪੀਣ ਵਾਲਾ ਪਾਣੀ ਹਰ ਸਮੇਂ ਉਪਲਬਧ ਹੋਣਾ ਚਾਹੀਦਾ ਹੈ।

★ **ਫੀਡਿੰਗ ਸ਼ਡਿਊਲ** : ਨਿਯਮਤ ਸਮੇਂ 'ਤੇ ਚਾਰਾ ਦੇਣਾ ਦੁੱਧ ਉਤਪਾਦਨ ਵਧਾਉਂਦਾ ਹੈ।

**3. ਰਹਿਣ ਲਈ ਥਾਂ ਅਤੇ ਛਾਂ**

★ **ਹਵਾਦਾਰੀ** : ਵਧੀਆ ਹਵਾਦਾਰੀ ਨਾਲ ਗਰਮੀ ਤੋਂ ਬਚਾਅ।

★ **ਸਫਾਈ** : ਰੋਜ਼ਾਨਾ ਸਫਾਈ ਨਾਲ ਬਿਮਾਰੀਆਂ ਤੋਂ ਬਚਾਅ।

★ **ਸਹੂਲਤਾਂ** : ਸਾਫ ਅਤੇ ਸੁੱਕੀ ਥਾਂ 'ਤੇ ਪਸ਼ੂਆਂ ਲਈ ਸਹੀ ਸੌਖ।

**4. ਸਿਹਤ ਅਤੇ ਸਫਾਈ**

★ **ਟੀਕਾਕਰਨ** : ਐਫ ਐਮ ਡੀ, ਬਰੂਸਲੋਸਿਸ ਵਰਗੀਆਂ ਬਿਮਾਰੀਆਂ ਲਈ ਟੀਕੇ ਸਮੇਂ ਸਿਰ ਲਗਵਾਓ।

★ **ਨਿਯਮਤ ਜਾਂਚ** : ਮਾਸਟਾਈਟਿਸ, ਲੰਗੜਾਪਣ ਜਾਂ ਕਿਰਮੀਆਂ ਆਦਿ ਦੀ ਜਾਂਚ ਕਰੋ।

★ **ਦੁੱਧ ਕੱਢਣ ਦੀ ਸਫਾਈ** : ਦੁੱਧ ਕੱਢਣ ਤੋਂ ਪਹਿਲਾਂ ਥਣਾਂ ਨੂੰ ਧੋਵੋ ਅਤੇ ਉਪਕਰਣ ਸਾਫ ਰੱਖੋ।

**5. ਦੁੱਧ ਕੱਢਣ ਦੀ ਪ੍ਰਬੰਧਕੀ**

★ **ਨਿਯਮਤ ਸਮਾਂ** : ਆਮ ਤੌਰ 'ਤੇ ਦਿਨ ਵਿਚ ਦੋ ਵਾਰ ਦੁੱਧ ਕੱਢਿਆ ਜਾਂਦਾ ਹੈ।

★ **ਤਰੀਕਾ** : ਸਾਫ-ਸੁਥਰੇ ਹੱਥ ਜਾਂ ਮਸ਼ੀਨ ਨਾਲ ਦੁੱਧ ਕੱਢੋ।

★ **ਸਟੋਰੇਜ** : ਦੁੱਧ ਨੂੰ ਤੁਰੰਤ ਠੰਡਾ ਕਰੋ ਜਾਂ ਬਲਕ ਮਿਲਕ ਕੂਲਰ ਵਿੱਚ ਰੱਖੋ।

**6. ਰਿਕਾਰਡ ਰੱਖਣਾ**

★ **ਦਿਨਚਰੀ ਰਿਕਾਰਡ** : ਦੁੱਧ ਦੀ ਉਤਪਾਦਨ, ਖੁਰਾਕ, ਬਰੀਡਿੰਗ ਅਤੇ ਇਲਾਜ ਆਦਿ।

★ **ਮਾਲੀ ਰਿਕਾਰਡ** : ਆਮਦਨ, ਖਰਚ ਅਤੇ ਨਫੇ ਦਾ ਰਿਕਾਰਡ ਰੱਖੋ।

**7. ਖਾਦ/ਤੂੜੀ ਦੇ ਪ੍ਰਬੰਧਨ**

★ **ਖਾਦ** : ਖਾਦ ਨੂੰ ਬਾਇਓਗੈਸ ਜਾਂ ਖੇਤੀ ਲਈ ਵਰਤਿਆ ਜਾ ਸਕਦਾ ਹੈ।

★ **ਨਿਕਾਸੀ ਪ੍ਰਬੰਧਨ** : ਪਸ਼ੂ ਪਿਸ਼ਾਬ ਅਤੇ ਗੰਦੇ ਪਾਣੀ ਲਈ ਵਧੀਆ ਨਿਕਾਸੀ ਪ੍ਰਣਾਲੀ ਬਣਾਓ।

**8. ਮਾਰਕੀਟਿੰਗ ਅਤੇ ਆਰਥਿਕਤਾ**

★ **ਵੇਚਣ ਦੇ ਤਰੀਕੇ** : ਸਥਾਨਕ ਵਿਕਰੇਤਾ, ਕੋਆਪਰੇਟਿਵ ਜਾਂ ਸਿੱਧਾ ਗਾਹਕ ਨੂੰ।

★ **ਮੁੱਲ ਵਧਾਉਣਾ** : ਪਨੀਰ, ਦਹੀਂ, ਘੀ ਆਦਿ ਬਣਾਉਣ 'ਤੇ ਵੀ ਵਿਚਾਰ ਕਰੋ।

★ **ਖਰਚਾ ਕੰਟਰੋਲ** : ਚਾਰਾ, ਲੇਬਰ ਅਤੇ ਦਵਾਈਆਂ ਦੇ ਖਰਚੇ 'ਤੇ ਨਿਗਰਾਨੀ ਰੱਖੋ।

## ਡੇਅਰੀ ਫਾਰਮ 'ਤੇ ਬਾਇਓਸਕਿਓਰਿਟੀ ਪ੍ਰਬੰਧਨ :

ਜੀਵਾਣੂ ਰੋਗਾਂ ਤੋਂ ਬਚਾਅ ਅਤੇ ਫੈਲਾਵ ਨੂੰ ਰੋਕਣ ਲਈ ਬਾਇਓਸਕਿਓਰਿਟੀ ਬਹੁਤ ਜ਼ਰੂਰੀ ਹੈ, ਤਾਂ ਜੋ ਪਸ਼ੂਆਂ ਦੀ ਸਿਹਤ, ਦੁੱਧ ਦੀ ਉਤਪਾਦਨ ਅਤੇ ਡੇਅਰੀ ਫਾਰਮਿੰਗ ਤੋਂ ਹੋਣ ਵਾਲੀ ਆਮਦਨ ਸੁਰੱਖਿਅਤ ਰਹੇ।

**1. ਫਾਰਮ ਦਾਖਲਾ ਨਿਯਮ**

★ **ਪਾਬੰਦੀਸ਼ੁਦਾ ਦਾਖਲਾ** : ਸਿਰਫ ਆਗਿਆਸ਼ੁਦਾ ਲੋਕਾਂ ਨੂੰ ਹੀ ਫਾਰਮ ਵਿਚ ਜਾਣ ਦੀ ਆਗਿਆ ਹੋਵੇ।



★ **ਵਿਜ਼ੀਟਰ ਰਜਿਸਟਰ** : ਹਰ ਆਉਣ ਵਾਲੇ ਵਿਅਕਤੀ ਦਾ ਰਿਕਾਰਡ ਰੱਖੋ।

★ **ਡਿਸਇੰਫੈਕਸ਼ਨ ਪੁਆਇੰਟਸ** : ਪੈਰ ਧੋਣ ਦੀ ਥਾਂ, ਹੱਥ ਧੋਣ ਅਤੇ ਵਾਹਨ ਦੀ ਸਫਾਈ ਲਈ ਥਾਵਾਂ ਬਣਾਓ।

**2. ਨਵੇਂ ਪਸ਼ੂਆਂ ਦੀ ਐਂਟਰੀ**

★ **ਕਵਾਰੰਟੀਨ** : ਨਵੇਂ ਜਾਂ ਵਾਪਸੀ ਆਏ ਪਸ਼ੂਆਂ ਨੂੰ 2-4 ਹਫਤੇ ਲਈ ਅਲੱਗ ਰੱਖੋ।

★ **ਸਿਹਤ ਜਾਂਚ** : ਜੌਨੀ ਰੋਗ, ਬੀ. ਵੀ. ਡੀ., ਟੀ. ਬੀ. ਵਰਗੀਆਂ ਬਿਮਾਰੀਆਂ ਦੀ ਜਾਂਚ ਕਰੋ।

★ **ਭਰੋਸੇਯੋਗ ਸ੍ਰੋਤ ਤੋਂ ਖਰੀਦੋ** : ਸਿਹਤਮੰਦ ਫਾਰਮਾਂ ਤੋਂ ਹੀ ਪਸ਼ੂ ਲਵੋ।

**3. ਸਫਾਈ ਅਤੇ ਸੈਨੇਟਾਈਜ਼ੇਸ਼ਨ**

★ **ਦੁੱਧ ਕੱਢਣ ਦੀ ਸਫਾਈ** : ਸਹੀ ਤਰੀਕੇ ਨਾਲ ਦੁੱਧ ਕੱਢੋ ਤੇ ਯੰਤਰਾਂ ਨੂੰ ਰੋਜ਼ਾਨਾ ਧੋਵੋ।

★ **ਪਸ਼ੂਸ਼ਾਲੇ (ਵਾੜੇ) ਦੀ ਸਫਾਈ** : ਚੰਗੀ ਤਰ੍ਹਾਂ ਸਟਾਲਾਂ, ਪਖਾਣ ਤੇ ਪਾਣੀ ਦੇ ਟੰਕੀ ਸਾਫ ਰੱਖੋ।

★ **ਖਾਦ ਪ੍ਰਬੰਧਨ** : ਮਲ ਨੂੰ ਢੰਗ ਨਾਲ ਇਕੱਠਾ ਅਤੇ ਨਿਸ਼ਕਾਸ਼ਤ ਕਰੋ।

**4. ਸਿਹਤ ਨਿਗਰਾਨੀ ਅਤੇ ਰਿਕਾਰਡ ਰੱਖਣਾ**

★ **ਨਿਯਮਤ ਵੈਟ ਚੈੱਕ** : ਵੈਕਸੀਨੇਸ਼ਨ ਅਤੇ ਚੈੱਕਅਪ ਲਈ ਡਾਕਟਰ ਦੀ ਮਦਦ ਲਓ।

★ **ਰੋਗ ਨਿਗਰਾਨੀ** : ਰੋਗਾਂ ਦੇ ਲੱਛਣ ਜਾਂ ਉਤਪਾਦਨ ਵਿਚ ਕਮੀ 'ਤੇ ਧਿਆਨ ਦਿਓ।

★ **ਮਹੱਤਵਪੂਰਨ ਰਿਕਾਰਡ** : ਇਲਾਜ, ਟੀਕੇ, ਜਨਮ ਅਤੇ ਮੌਤ ਦਾ ਹਿਸਾਬ ਰੱਖੋ।

**5. ਕੀੜੇ ਅਤੇ ਜੰਗਲੀ ਜਾਨਵਰਾਂ ਤੋਂ ਰੱਖਿਆ**

★ **ਚੂਹਿਆਂ ਅਤੇ ਕੀੜਿਆਂ ਦਾ ਕੰਟਰੋਲ** : ਟ੍ਰੈਪ ਜਾਂ ਬੇਟ ਵਰਤੋ, ਖੁਰਾਕ ਨੂੰ ਸੁਰੱਖਿਅਤ ਰੱਖੋ।

★ **ਖੁਰਾਕ ਸਟੋਰੇਜ** : ਚੁਗਲੀਆਂ, ਚੂਹਿਆਂ ਜਾਂ ਪੰਛੀਆਂ ਤੋਂ ਬਚਾਅ ਕਰੋ।

★ **ਬਾੜ** : ਬਾਹਰਲੇ ਪਸ਼ੂਆਂ ਅਤੇ ਜੰਗਲੀ ਜਾਨਵਰਾਂ ਨੂੰ ਫਾਰਮ ਤੋਂ ਦੂਰ ਰੱਖੋ।

**6. ਕਰਮਚਾਰੀਆਂ ਦੀ ਟਰੇਨਿੰਗ**

★ **ਜਾਗਰੂਕਤਾ** : ਕਰਮਚਾਰੀਆਂ ਨੂੰ ਬਾਇਓਸਕਿਓਰਿਟੀ ਬਾਰੇ ਸਿਖਲਾਈ ਦਿਓ।

★ **ਸਮਾਨ ਪਰਕਿਰਿਆਵਾਂ** : ਹਰ ਕਰਮਚਾਰੀ ਨੂੰ ਇੱਕੋ ਜਿਹੀਆਂ ਸਾਵਧਾਨੀਆਂ ਦੀ ਪਾਲਣਾ ਕਰਵਾਓ।

**7. ਐਮਰਜੈਂਸੀ ਪਲਾਨਿੰਗ**

★ **ਬਿਮਾਰੀ ਦੇ ਫੈਲਾਅ ਦੀ ਯੋਜਨਾ** : ਰੋਗ ਦੇ ਆਉਣ 'ਤੇ ਫੌਰੀ ਕਾਰਵਾਈ ਲਈ ਤਿਆਰ ਰਹੋ।

★ **ਸੰਪਰਕ ਸੂਚੀ** : ਵੈਟ, ਲੈਬ ਤੇ ਸਰਕਾਰੀ ਅਧਿਕਾਰੀਆਂ ਦੀ ਜਾਣਕਾਰੀ ਰੱਖੋ।

ਰਿਜ਼ਰਵ ਬੈਂਕ ਆਫ ਇੰਡੀਆ (ਆਰ.ਬੀ.ਆਈ.) ਦੇ ਹਾਲੀਆ ਬੁਲੇਟਿਨ ਤੋਂ ਪਤਾ ਲੱਗਾ ਹੈ ਕਿ ਭਾਰਤ ਫਿਰ ਤੋਂ ਦੁਨੀਆਂ ਦਾ ਸਭ ਤੋਂ ਵੱਧ ਵਿਦੇਸ਼ੀ ਧਨ ਪ੍ਰਾਪਤ ਕਰਨ ਵਾਲਾ (ਰੈਮਿਟੈਂਸ) ਦੇਸ਼ ਬਣਿਆ ਹੋਇਆ ਹੈ, ਜਿਸ ਨੇ 2024 ਵਿਚ ਹੁਣ ਤੱਕ ਦੇ ਸਭ ਤੋਂ ਜ਼ਿਆਦਾ 129.1 ਅਰਬ ਅਮਰੀਕਾ ਡਾਲਰ ਪ੍ਰਾਪਤ ਕੀਤੇ ਹਨ ਜੋ ਰਾਸ਼ਟਰੀ ਕੁੱਲ ਘਰੇਲੂ ਉਤਪਾਦ (ਜੀ. ਡੀ. ਪੀ) ਦਾ 3.4 ਫੀਸਦੀ ਅਤੇ ਵਿਸ਼ਵਵਿਆਪੀ ਪ੍ਰਵਾਹ ਦਾ 14.3 ਫੀਸਦੀ ਬਣਦਾ ਹੈ। ਇਹ ਕਮਾਈ ਦੇਸ਼ ਦੇ ਵਪਾਰਕ ਨਿਰਯਾਤ ਦੇ ਲਗਭਗ 30 ਫੀਸਦੀ ਦੇ ਬਰਾਬਰ ਹੈ। ਇਸ ਆਰਥਿਕ ਪ੍ਰਾਪਤੀ ਦੇ ਕੇਂਦਰ ਵਿਚ ਭਾਰਤੀ ਪ੍ਰਵਾਸੀ ਹਨ ਜੋ ਉਤਸ਼ਾਹਪੂਰਨ, ਅਨੁਕੂਲਤਾ, ਲਚਕੀਲੇ, ਸਾਧਨ ਭਰਪੂਰ ਤੇ ਵਿਸ਼ਵ ਪੱਧਰ 'ਤੇ ਢੁਕਵੇਂ ਹੋਣ ਦਾ ਪ੍ਰਤੀਕ ਹਨ।

ਪੰਜਾਬ ਲਈ ਪ੍ਰਵਾਸ ਇਕ ਅੰਕੜੇ ਤੋਂ ਕਿਤੇ ਵੱਧ ਕੇ ਹੈ; ਇਹ ਸਮਾਜਿਕ-ਆਰਥਿਕ ਤਾਣੇ-ਬਾਣੇ ਵਿਚ ਬਣ ਗਈ ਇਕ ਵਿਰਾਸਤ ਹੈ। ਸੂਬੇ ਨੂੰ 2024 ਵਿਚ ਪ੍ਰਵਾਸੀਆਂ ਰਾਹੀਂ 32,535 ਕਰੋੜ ਰੁਪਏ ਦੀ ਰਕਮ ਪ੍ਰਾਪਤ ਹੋਈ ਸੀ ਜੋ ਇਸ ਦੇ ਵਪਾਰਕ ਨਿਰਯਾਤ ਦੇ 56 ਫੀਸਦੀ ਤੋਂ ਵੱਧ ਅਤੇ ਇਸ ਦੀ ਜੀ.ਡੀ.ਪੀ. ਤੋਂ 4.6 ਫੀਸਦੀ ਤੋਂ ਵੱਧ ਹੈ, ਇਹ ਧਨ ਪ੍ਰਾਪਤੀ ਸਿੱਧੇ ਤੌਰ 'ਤੇ ਪ੍ਰੇਂਡੂ ਰੋਜ਼ੀ-ਰੋਟੀ ਨੂੰ ਮਜ਼ਬੂਤ ਕਰਦੀ ਹੈ ਅਤੇ ਸਥਾਨਕ ਅਰਥਚਾਰਿਆਂ ਨੂੰ ਵੀ ਉਤਸ਼ਾਹਿਤ ਕਰਦੀ ਹੈ। ਫਿਰ ਵੀ ਪੰਜਾਬ ਦੇ ਪ੍ਰਵਾਸ ਦੀ ਇਹ ਕਹਾਣੀ ਇਕ ਹਨੇਰੇ ਅੰਤਰ ਪ੍ਰਵਾਹ (ਅੰਡਰਕਰੰਟ) ਤੋਂ ਪ੍ਰਭਾਵਿਤ-ਅਸੁਰੱਖਿਅਤ 'ਡੰਕੀ ਰੂਟ', ਬੇਈਮਾਨ ਏਜੰਟਾਂ ਤੋਂ ਬਿਨਾਂ ਲਾਜ਼ਮੀ ਦਸਤਾਵੇਜ਼ਾਂ ਨਾਲ ਪ੍ਰਵਾਸ ਕਰਨ ਦੀ ਵਧਦੀ ਲਹਿਰ ਦੇ ਰੂਪ ਵਿਚ ਵੀ ਹੈ। ਹੁਣ ਮੁੜ ਤੋਂ ਸ਼ੁਰੂਆਤ ਕਰਨ ਦਾ ਸਮਾਂ ਹੈ। ਪੰਜਾਬ ਨੂੰ ਜ਼ਿੰਮੇਵਾਰ ਤੇ ਨਿਯੰਤ੍ਰਿਤ ਪ੍ਰਵਾਸ ਲਈ ਇਕ ਬਦਲਾਅ ਦੀ ਅਗਵਾਈ ਕਰਨੀ ਹੋਵੇਗੀ ਜੋ ਹੁਨਰ-ਨਿਰਮਾਣ, ਕਾਨੂੰਨੀ ਮਾਰਗਾਂ ਅਤੇ ਮਜ਼ਬੂਤ ਦੁਵੱਲੇ ਸਮਝੌਤਿਆਂ 'ਤੇ ਆਧਾਰਿਤ ਹੋਵੇ। ਜੋ ਇਕ ਜੀਵੰਤ ਪ੍ਰਵਾਸੀ ਭਾਈਚਾਰਾ (ਡਾਇਸਪੋਰਾ) ਅਤੇ ਮੌਕੇ ਦੀ ਭਾਲ ਲਈ ਤਤਪਰ ਨੌਜਵਾਨਾਂ ਦੇ ਇਸ ਪ੍ਰਵਾਸ ਨੂੰ ਰਾਜ ਖੁਦ ਗੈਰ-ਕਾਨੂੰਨੀ ਪ੍ਰਵਾਸ ਦੇ ਕੇਂਦਰ ਤੋਂ ਇਸ ਨੂੰ ਨੀਤੀ-ਆਧਾਰਿਤ, ਸੁਰੱਖਿਅਤ ਗਤੀਸ਼ੀਲਤਾ ਦੇ ਇਕ ਮਾਡਲ ਵਿਚ ਬਦਲ ਸਕਦਾ ਹੈ।

ਵਿਦੇਸ਼ ਮੰਤਰਾਲੇ ਦੁਆਰਾ ਪ੍ਰਸਤਾਵਿਤ ਓਵਰਸੀਜ਼ ਮੋਬਿਲਿਟੀ (ਸਹੂਲਤ ਤੇ ਭਲਾਈ), ਬਿੱਲ 2024 ਜੋ 1983 ਦੇ ਪੁਰਾਣੇ ਇਮੀਗ੍ਰੇਸ਼ਨ ਐਕਟ ਨੂੰ ਸੁਰੱਖਿਅਤ ਤੇ ਢਾਂਚਾਗਤ ਵਿਦੇਸ਼ੀ ਰੁਜ਼ਗਾਰ ਲਈ ਇਕ ਵਿਆਪਕ ਢਾਂਚੇ ਨਾਲ ਬਦਲਣ ਦੀ ਕੋਸ਼ਿਸ਼ ਕਰਦਾ ਹੈ। ਪਰ ਇਕੱਲਾ ਕਾਨੂੰਨ ਬਣਾਉਣਾ ਹੀ ਕਾਫੀ ਨਹੀਂ ਹੋਵੇਗਾ। ਇਕ ਸੁਰੱਖਿਅਤ ਢਾਂਚਾਗਤ, ਪਾਰਦਰਸ਼ੀ, ਜਵਾਬਦੇਹ ਤੇ ਪ੍ਰਭਾਵਸ਼ਾਲੀ ਪ੍ਰਵਾਸ ਲਈ ਸ਼ਾਸਨ ਪ੍ਰਣਾਲੀ ਬਣਾਉਣ ਵਾਸਤੇ ਵਿਦੇਸ਼ ਮੰਤਰਾਲੇ ਵਲੋਂ ਸੂਬਾ ਸਰਕਾਰਾਂ ਨਾਲ ਤਾਲਮੇਲ ਕਰਨਾ ਬਹੁਤ ਜ਼ਰੂਰੀ ਹੈ। ਸਹੀ ਤਰੀਕੇ ਨਾਲ ਕੀਤਾ ਪ੍ਰਵਾਸ ਸਿਰਫ ਜੀਵਤ ਰਹਿਣ ਦਾ ਸਾਧਨ ਨਹੀਂ ਹੋਵੇਗਾ, ਸਗੋਂ ਇਹ ਸਥਾਈ/ਟਿਕਾਊ ਖੁਸ਼ਹਾਲੀ ਵਾਲੀ ਰਣਨੀਤੀ ਹੋ ਸਕਦੀ ਹੈ।

**ਪੰਜਾਬ ਲਈ ਇਕ ਖਿੜਕੀ**

ਆਰਥਿਕ ਸਹਿਯੋਗ ਅਤੇ ਵਿਕਾਸ ਸੰਗਠਨ (ਓ. ਈ. ਸੀ. ਡੀ) ਦੇ ਮੈਂਬਰ, ਅਮਰੀਕਾ, ਯੂ.ਕੇ., ਜਾਪਾਨ, ਜਰਮਨੀ ਅਤੇ




# ਪੰਜਾਬ ਨੌਜਵਾਨਾਂ ਨੂੰ ਕਾਨੂੰਨੀ ਢੰਗ ਨਾਲ ਪ੍ਰਵਾਸ ਕਰਨ ਦੇ ਸਮਰੱਥ ਬਣਾਵੇ



ਡਾ. ਅੰਮ੍ਰਿਤ ਸਾਗਰ ਮਿੱਤਲ,
ਵਾਈਸ ਚੇਅਰਮੈਨ ਸੋਨਾਲੀਕਾ ਗਰੁੱਪ,
ਵਾਈਸ ਚੇਅਰਮੈਨ ਪੰਜਾਬ ਯੋਜਨਾ ਬੋਰਡ,
ਪੰਜਾਬ ਇਕੋਨੋਮਿਕ ਪਾਲਿਸੀ।

ਫਰਾਂਸ ਸਮੇਤ ਉੱਚ-ਆਮਦਨ ਵਾਲੇ 38 ਦੇਸ਼ ਜੋ ਪ੍ਰਵਾਸੀ ਭਾਰਤੀਆਂ ਲਈ ਕਮਾ ਕੇ ਪੈਸੇ ਭੇਜਣ ਦਾ ਮੁੱਖ ਸਰੋਤ ਰਹੇ ਹਨ, ਇਹ ਦੇਸ਼ 2030 ਤੱਕ ਲਗਭਗ 4-5 ਕਰੋੜ ਕਾਰਜ ਬਲ (ਵਰਕ ਫੋਰਸ) ਦੀ ਕਮੀ ਦਾ ਸਾਹਮਣਾ ਕਰ ਰਹੇ ਹਨ, ਰਿਜ਼ਰਵ ਬੈਂਕ ਅਨੁਸਾਰ 2040 ਤੱਕ ਇਸ ਦੇ 16 ਕਰੋੜ ਤੱਕ ਵਧਣ ਦੀ ਉਮੀਦ ਹੈ। ਇਹ ਦੇਸ਼ ਸਿਹਤ ਸੰਭਾਲ, ਲੌਜਿਸਟਿਕਸ, ਨਿਰਮਾਣ, ਸਿੱਖਿਆ ਅਤੇ ਇੰਜੀਨੀਅਰਿੰਗ ਖੇਤਰ ਵਿਚ ਪਹਿਲਾਂ ਹੀ ਕਿਰਤ ਸ਼ਕਤੀ ਦੀ ਗੰਭੀਰ ਕਮੀ ਦਾ ਸਾਹਮਣਾ ਕਰ ਰਹੇ ਹਨ ਅਤੇ ਇਹ ਦੇਸ਼ ਇਨ੍ਹਾਂ ਖਾਲੀ ਥਾਂਵਾਂ ਨੂੰ ਭਰਨ ਲਈ ਵਿਦੇਸ਼ਾਂ ਵੱਲ ਵੇਖਦੇਹਨ। ਪੰਜਾਬ ਨੇ ਆਪਣੀ ਵਿਲੱਖਣ ਸ਼ਕਤੀ ਤੇ ਸਮਰੱਥਾ ਨਾਲ ਅਜਿਹੇ ਸ਼ਾਨਦਾਰ ਮੌਕਿਆਂ ਨੂੰ ਹਾਸਿਲ ਕਰਨ ਵਿਚ ਅਗਵਾਈ ਕੀਤੀ ਹੈ।

**ਨਿਵੇਸ਼ ਤੇ ਨਿਰਯਾਤ**

ਹੁਣ ਸਮਾਂ ਆ ਗਿਆ ਹੈ ਕਿ ਪੰਜਾਬ ਦੀ ਆਰਥਿਕ ਰਣਨੀਤੀ ਨੂੰ ਵਿਸ਼ਾਲ ਕੀਤਾ ਜਾਵੇ 'ਪੰਜਾਬ ਵਿਚ ਨਿਵੇਸ਼ ਕਰੋ' ਪਹੁੰਚ ਪੂੰਜੀ ਨੂੰ ਆਕਰਸ਼ਿਤ ਕਰਨ 'ਤੇ ਕੇਂਦ੍ਰਿਤ ਹੈ, ਜਦਕਿ ਸੂਬੇ ਨੂੰ 'ਪੰਜਾਬ ਤੋਂ ਪ੍ਰਤਿਭਾ ਨਿਰਯਾਤ ਕਰੋ' ਪਹੁੰਚ ਅਪਨਾਉਣੀ ਚਾਹੀਦੀ ਹੈ। ਇਹ ਇਕ ਅਜਿਹਾ ਤਰੀਕਾ ਜੋ ਹੁਨਰਮੰਦ ਨੌਜਵਾਨਾਂ ਨੂੰ ਵਿਦੇਸ਼ਾਂ ਵਿਚ ਪ੍ਰਵਾਸ ਲਈ ਸਿਖਲਾਈ, ਸਮਰਥਨ ਅਤੇ ਕਾਨੂੰਨੀ ਤੌਰ 'ਤੇ ਸਹੂਲਤ ਪ੍ਰਦਾਨ ਕਰਦਾ ਹੈ। ਇਹ ਰਣਨੀਤੀ ਬੇਰੁਜ਼ਗਾਰੀ ਨੂੰ ਘਟਾ ਕੇ ਢਾਂਚਾਗਤ ਸ਼ਮੂਲੀਅਤ ਦੁਆਰਾ ਦਿਮਾਗੀ ਨਿਕਾਸ ਨੂੰ ਰੋਕ ਸਕਦੀ ਹੈ। ਇਸ ਪਹੁੰਚ ਦਾ ਸੰਭਾਵੀ ਆਰਥਿਕ ਪ੍ਰਭਾਵ ਜ਼ਿਆਦਾ ਹੈ ਅਤੇ ਇਹ ਸੂਬੇ ਲਈ ਇਕ ਨਵਾਂ ਮਾਲੀਆ ਸਰੋਤ ਪੈਦਾ ਕਰ ਸਕਦੀ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਕ ਜ਼ਿੰਮੇਵਾਰ ਪ੍ਰਵਾਸ ਢਾਂਚਾ ਸਥਾਪਿਤ ਕਰਨਾ ਜ਼ਰੂਰੀ ਹੈ। ਅਜਿਹਾ ਢਾਂਚਾ ਗੈਰ-ਕਾਨੂੰਨੀ ਪ੍ਰਵਾਸ ਰੂਟਾਂ ਨਾਲ ਜੁੜੇ ਜੋਖਮਾਂ ਨੂੰ ਖਤਮ ਕਰੇਗਾ, ਜਿਸ ਨੇ ਅਕਸਰ ਪੰਜਾਬੀ ਨੌਜਵਾਨਾਂ ਨੂੰ ਖਤਰਨਾਕ ਤੇ ਸ਼ੋਸ਼ਣ ਵਾਲੀਆਂ ਸਥਿਤੀਆਂ ਵਿਚ ਪਾਇਆ ਹੈ।

**ਪੰਜਾਬ ਲਈ ਰਣਨੀਤਕ ਕਦਮ**

ਪੰਜਾਬ ਕੋਲ ਕਾਨੂੰਨੀ ਪ੍ਰਵਾਸ ਦਾ ਲਾਭ ਉਠਾਉਣ ਲਈ ਇਕ ਰਾਸ਼ਟਰੀ ਮਾਡਲ ਵਜੋਂ ਉੱਭਰਨ ਦੀ ਸਮਰੱਥਾ ਹੈ, ਉਹ ਮੁਸੀਬਤ ਦੇ ਸੰਕੇਤ ਦੀ ਬਜਾਏ ਆਰਥਿਕ ਵਿਕਾਸ ਲਈ ਇਕ ਸ਼ਕਤੀਸ਼ਾਲੀ ਇੰਜਣ ਵਜੋਂ ਅੱਗੇ ਵੱਧ ਸਕਦਾ ਹੈ। ਆਪਣੇ ਨੌਜਵਾਨਾਂ ਦੀਆਂ ਇੱਛਾਵਾਂ ਨੂੰ ਵਿਸ਼ਵਵਿਆਪੀ ਕਾਰਜਬਲ ਦੀਆਂ ਮੰਗਾਂ ਨਾਲ ਰਣਨੀਤਕ ਤੌਰ 'ਤੇ ਜੋੜ ਕੇ ਪੰਜਾਬ ਰੁਜ਼ਗਾਰ ਦੇ ਭਰਪੂਰ ਮੌਕੇ ਪੈਦਾ ਕਰ ਸਕਦਾ ਹੈ। ਇਹ ਪਹਿਲ ਪੰਜਾਬ ਦੇ ਹੁਨਰਮੰਦ ਰਾਜਦੂਤਾਂ ਨੂੰ ਵਿਦੇਸ਼ ਭੇਜਣ ਬਾਰੇ ਹੈ, ਜੋ ਸਾਡੇ ਸੱਭਿਆਚਾਰ, ਪੇਸ਼ਾਵਾਰਤਾ ਅਤੇ ਮਾਣ ਨੂੰ ਦੁਨੀਆਂ ਦੇਹਰ ਕੋਨੇ ਵਿਚ ਲੈ ਜਾਣਗੇ।

**1. ਵਿਦੇਸ਼ੀ ਰੁਜ਼ਗਾਰ ਲਈ ਇਕ ਸੰਸਥਾਗਤ ਢਾਂਚਾ ਸਥਾਪਿਤ ਕਰੋ** - ਪੰਜਾਬ ਸਰਕਾਰ ਨੂੰ ਵਿਦੇਸ਼ ਮੰਤਰਾਲੇ ਨਾਲ ਮਿਲ ਕੇ ਇਕ ਸਮਰਪਿਤ ਵਿਦੇਸ਼ੀ ਰੁਜ਼ਗਾਰ ਤੇ ਪ੍ਰਵਾਸ ਵਿਭਾਗ ਸਥਾਪਿਤ ਕਰਨਾ ਚਾਹੀਦਾ ਹੈ। ਇਹ ਮਹੱਤਵਪੂਰਨ ਸੰਸਥਾ ਲਾਭਦਾਇਕ ਸੰਸਾਰਿਕ ਨੌਕਰੀ ਬਾਜ਼ਾਰਾਂ ਦੀ ਪਛਾਣ ਕਰ ਕੇ ਮਜ਼ਬੂਤ ਦੁਵੱਲੇ ਪ੍ਰਵਾਸ ਸਮਝੌਤਿਆਂ 'ਤੇ ਗਲਬਾਤ ਕਰੇਗੀ, ਜੋ ਅੰਤਰਰਾਸ਼ਟਰੀ ਮੰਗ ਨਾਲ ਹੁਨਰਾਂ ਨੂੰ ਇਕਸਾਰ ਕਰੇਗੀ ਅਤੇ ਕਾਮਿਆਂ ਦੇ ਅਧਿਕਾਰਾਂ ਦੀ ਸਖਤੀ ਨਾਲ ਰੱਖਿਆ ਕਰੇਗੀ।

**2. ਹੁਨਰਾਂ ਨੂੰ ਗਲੋਬਲ ਮਿਆਰਾਂ ਨਾਲ ਇਕਸਾਰ ਕਰੋ** : ਪੰਜਾਬ ਦੀਆਂ ਸਿੱਖਿਆ ਅਤੇ ਸਿਖਲਾਈ ਪ੍ਰਣਾਲੀਆਂ ਨੂੰ ਉੱਚ ਅੰਤਰਰਾਸ਼ਟਰੀ ਮੰਗ ਅਨੁਸਾਰ ਵਿਦੇਸ਼ੀ ਭਾਸ਼ਾਵਾਂ, ਹੁਨਰ ਤੇ ਤਕਨੀਕੀ ਯੋਗਤਾਵਾਂ ਅਨੁਸਾਰ ਏਕੀਕ੍ਰਿਤ ਕਰਨਾ ਚਾਹੀਦਾ ਹੈ। ਸੂਬਾ ਪ੍ਰਵਾਸ ਦੇ ਮੁੱਖ ਕਿਰਤ ਸ਼ਕਤੀ ਦੀ ਲੋੜ ਵਾਲੇ ਦੇਸ਼ਾਂ ਨਾਲ ਪੇਸ਼ਾਵਰਾਂ ਦੀਆਂ ਯੋਗਤਾਵਾਂ ਦੀ ਆਪਸੀ ਮਾਨਤਾ ਲਈ ਗਲੋਬਲ ਸੰਸਥਾਵਾਂ ਨਾਲ ਸਾਂਝੇ ਪ੍ਰਮਾਣੀਕਰਨਾਂ ਨੂੰ ਅੱਗੇ ਵਧਾਏ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਡੇ ਨੌਜਵਾਨਾਂ ਨੂੰ ਵਿਦੇਸ਼ਾਂ ਵਿਚ ਰੁਜ਼ਗਾਰ ਮਿਲ ਸਕੇ।

**3. ਪ੍ਰਵਾਸੀਆਂ ਲਈ ਵਿੱਤੀ ਬੋਝ ਨੂੰ ਘੱਟ ਕਰੋ** : ਸਿਖਲਾਈ, ਦਸਤਾਵੇਜ਼ੀਕਰਨ ਤੇ ਪ੍ਰਵਾਸ ਦੀਆਂ ਵਿੱਤੀ ਰੁਕਾਵਟਾਂ ਨੂੰ ਦੂਰ ਕੀਤਾ ਜਾਵੇ, ਜੋ ਅਕ ਸਰ ਖਾੜੀ ਦੇਸ਼ਾਂ ਲਈ 1-2 ਲੱਖ ਰੁਪਏ ਤੇ ਯੂਰਪ ਲਈ 5 ਤੋਂ 10 ਲੱਖ ਰੁਪਏ ਤੱਕ ਦਾ ਖਰਚ ਹੋ ਜਾਂਦਾ ਹੈ। ਪੰਜਾਬ ਨਵੀਆਂ ਵਿੱਤੀ ਵਿਧੀਆਂ ਪੇਸ਼ ਕਰਦਿਆਂ ਫਿਲੀਪੀਨਜ਼ ਦੇ ਮਾਲਕ ਸਟਾਫਿੰਗ ਏਜੰਸੀ-ਪੇ ਸਿਸਟਮ ਵਰਗਾ ਲਾਗਤ-ਵੰਡ ਮਾਡਲ ਲਾਗੂ ਕਰਨ ਲਈ ਮਾਲਕਾਂ ਨਾਲ ਭਾਈਵਾਲੀ ਕਰ ਸਕਦਾ ਹੈ।

**4. ਮਜ਼ਬੂਤ ਦੁਵੱਲੇ ਸਮਝੌਤੇ ਕਰੋ** : ਪੰਜਾਬ ਨੂੰ ਵੀਜ਼ਾ ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾਉਣ, ਨੌਕਰਸ਼ਾਹੀ ਰੁਕਾਵਟਾਂ ਨੂੰ ਖਤਮ ਕਰ ਕੇ ਪੰਜਾਬੀ ਹੁਨਰ ਯੋਗਤਾਵਾਂ ਦੀ ਪੂਰੀ ਮਾਨਤਾ ਨੂੰ ਯਕੀਨੀ ਬਣਾਉਣ ਲਈ ਮੰਜ਼ਿਲ ਵਾਲੇ ਦੇਸ਼ਾਂ ਨਾਲ ਸਰਗਰਮੀ ਨਾਲ ਜੁੜਨਾ ਚਾਹੀਦਾ ਹੈ। ਪੰਜਾਬ ਦੀ ਫਿਲੀਪੀਨਜ਼ ਵਾਂਗ ਅਜਿਹਾ ਕਰੇ, ਜਿਸ ਨੇ 65 ਤੋਂ ਵੱਧ ਦੇਸ਼ਾਂ ਨਾਲ ਸਮਝੌਤਿਆਂ ਸੰਬੰਧੀ ਗਲਬਾਤ ਕੀਤੀ ਹੈ।



**5. ਇਕ ਗਤੀਸ਼ੀਲਤਾ ਉਦਯੋਗ ਸੰਸਥਾ ਬਣਾਓ** : ਇਕ ਰਾਜ-ਪੱਧਰੀ ਗਤੀਸ਼ੀਲਤਾ ਕੌਂਸਲ ਸਥਾਪਿਤ ਕਰ ਕੇ ਭਰਤੀ ਏਜੰਸੀਆਂ, ਸਿਖਲਾਈ ਪ੍ਰਬੰਧਕਾਂ ਤੇ ਸਰਕਾਰੀ ਸੰਸਥਾਵਾਂ ਨੂੰ ਨਿੱਜੀ ਖੇਤਰ ਨਾਲ ਇਕਜੁੱਟ ਕੀਤਾ ਜਾਵੇ। ਅਭਿਆਸਾਂ ਨੂੰ ਮਿਆਰੀ ਬਣਾਉਣ, ਗੁਣਵੱਤਾ ਕੰਟਰੋਲ ਲਾਗੂ ਕਰਨ ਦੇ ਵਿਦੇਸ਼ੀ ਰੁਜ਼ਗਾਰ ਪ੍ਰਕਿਰਿਆ ਲਈ ਸੁਚਾਰੂ ਪ੍ਰਣਾਲੀ ਬਣਾਉਣ ਲਈ ਨਿੱਜੀ ਖੇਤਰ ਦੀ ਸ਼ਮੂਲੀਅਤ ਜ਼ਰੂਰੀ ਹੈ।

**6. ਵਿਦੇਸ਼ਾਂ ਵਿਚ ਪ੍ਰਵਾਸੀ ਭਲਾਈ ਦੀ ਗਾਰੰਟੀ** : ਅੰਤਰਰਾਸ਼ਟਰੀ ਕਿਰਤ ਸੰਗਠਨ (ਆਈ ਐਲ ਓ) ਦੇ ਮਾਪਦੰਡਾਂ ਅਨੁਸਾਰ ਪੰਜਾਬ ਨੂੰ ਮਿਆਰੀ ਇਕਰਾਰਨਾਮਿਆਂ ਦੀ ਮੰਗ ਕਰਦਿਆਂ ਘੱਟੋ-ਘੱਟ ਉਜਰਤਾਂ ਨੂੰ ਲਾਗੂ ਕਰਨ, ਸਮੇਂ ਸਿਰ ਭੁਗਤਾਨ ਸੁਰੱਖਿਅਤ ਕਰਨ, ਸੁਰੱਖਿਅਤ ਰਿਹਾਇਸ਼ ਪ੍ਰਦਾਨ ਕਰਨ, ਸਿਹਤ ਸੰਭਾਲ ਨੂੰ ਯਕੀਨੀ ਬਣਾਉਣ ਲਈ ਸਾਡੇ ਪ੍ਰਵਾਸੀਆਂ ਲਈ ਕਾਨੂੰਨੀ ਸਹਾਇਤਾ ਦੀ ਗਾਰੰਟੀ ਦੇਣੀ ਪਵੇਗੀ। ਇਹ ਸੁਰੱਖਿਆਵਾਂ ਦੁਵੱਲੇ ਸਮਝੌਤਿਆਂ ਰਾਹੀਂ ਲਾਗੂ ਹੋ ਸਕਦੀਆਂ ਹਨ।

**7. ਵਾਪਸ ਆਏ ਪ੍ਰਵਾਸੀਆਂ ਦਾ ਸਮਰਥਨ ਕਰੋ** : ਵਿਦੇਸ਼ਾਂ ਤੋਂ ਵਾਪਸ ਆਉਣ ਵਾਲੇ ਪ੍ਰਵਾਸੀ ਇਕ ਅਨਮੋਲ ਸੰਪਤੀ ਹਨ, ਜੋ ਹੁਨਰ, ਬੱਚਤ ਅਤੇ ਅੰਤਰਰਾਸ਼ਟਰੀ ਸੰਪਰਕ ਨੂੰ ਵਾਪਸ ਲੈ ਕੇ ਆਉਂਦੇ ਹਨ। ਪੰਜਾਬ ਯੋਜਨਾਬੱਧ ਢੰਗ ਨਾਲ ਛੋਟੇ ਕਾਰੋਬਾਰਾਂ ਲਈ ਸਹਾਇਤਾ ਦੇ ਕੇ ਵਾਪਸ ਆਉਣ ਵਾਲੇ ਪ੍ਰਵਾਸੀਆਂ ਦੇ ਵਿਸ਼ਵਵਿਆਪੀ ਤਜਰਬੇ ਦਾ ਖੇਤੀ ਵਿਕਾਸ ਵਿਚ ਲਾਭ ਉਠਾ ਸਕਦਾ ਹੈ।

**ਖੇਤਾਂ ਤੋਂ ਦੁਨੀਆ ਤੱਕ**

ਪੰਜਾਬ ਦੀ ਤਾਕਤ ਸਿਰਫ ਇਸ ਦੇ ਖੇਤੀਬਾੜੀ ਉਤਪਾਦਨ ਵਿਚ ਨਹੀਂ, ਸਗੋਂ ਇਸ ਦੇ ਲੋਕਾਂ ਦੇ ਅਟੁੱਟ ਸੁਪਨਿਆਂ ਵਿਚ ਹੈ। ਢਾਂਚਾਗਤ ਪ੍ਰਵਾਸ ਸਾਡੇ ਨੌਜਵਾਨਾਂ ਲਈ ਵਿਸ਼ਵਵਿਆਪੀ ਪੇਸ਼ੇਵਰ ਬਣਨ ਦਾ ਰਸਤਾ ਬਣਾ ਰਿਹਾ ਹੈ, ਜੋ ਪੰਜਾਬ ਦੀਆਂ ਕਦਰਾਂ-ਕੀਮਤਾਂ, ਹੁਨਰਾਂ ਅਤੇ ਮਾਣ ਨੂੰ ਦਰਸਾਉਂਦਾ ਹੈ। ਰਣਨੀਤਕ ਨੀਤੀਆਂ ਦੇ ਨਾਲ, ਪੰਜਾਬ ਬੇਰੁਜ਼ਗਾਰੀ ਤੇ ਅਸੁਰੱਖਿਅਤ ਪ੍ਰਵਾਸ ਦੀਆਂ ਚੁਣੌਤੀਆਂ ਤੋਂ ਉਭਰ ਕੇ ਜ਼ਿੰਮੇਵਾਰ, ਕਾਨੂੰਨੀ ਅਤੇ ਰਣਨੀਤਕ ਪ੍ਰਵਾਸ ਦਾ ਇਕ ਚਾਨਣ ਮੁਨਾਰਾ ਬਣ ਸਕਦਾ ਹੈ। ਸਾਨੂੰ ਸਿਰਫ ਖੇਤੀਬਾੜੀ ਵਿਚ ਹੀ ਨਹੀਂ, ਸਗੋਂ ਮਨੁੱਖੀ ਪੂੰਜੀ ਦਾ ਇਕ ਵਿਸ਼ਵਵਿਆਪੀ ਭੰਡਾਰ ਬਣਾਉਣ ਵਿਚ ਵੀ ਅਗਵਾਈ ਕਰਨੀ ਪਵੇਗੀ। ਇਹੀ ਸਮਾਂ ਹੈ ਕਿ ਅਸੀਂ ਆਪਣੇ ਨੌਜਵਾਨਾਂ ਨੂੰ ਪ੍ਰਵਾਸੀਆਂ ਵਿਚ ਨਹੀਂ, ਸਗੋਂ ਵਿਸ਼ਵਵਿਆਪੀ ਰਾਜਦੂਤਾਂ ਵਿਚ ਬਦਲੀਏ। ਆਪਣੇ ਨੌਜਵਾਨਾਂ ਨੂੰ ਖੇਤਾਂ ਤੋਂ ਲੈ ਕੇ ਵਿਸ਼ਵਵਿਆਪੀ ਕਾਰਜ ਬਲ ਦੇ ਰੂਪ ਵਿਚ ਬਦਲਣ ਤੱਕ, ਅਸੀਂ ਖੁਸ਼ਹਾਲ ਹਾਸਿਲ ਕਰਨਗੇ। ਪੰਜਾਬ ਲਈ ਵਿਕਾਸ ਦੀ ਅਗਲੀ ਕਹਾਣੀ ਉਡੀਕ ਕਰ ਰਹੀ ਹੈ, ਸਾਨੂੰ ਖੇਤਾਂ ਤੋਂ ਲੈ ਕੇ ਨੌਜਵਾਨਾਂ ਦੀ ਵਿਸ਼ਵ ਪੱਧਰੀ ਕਾਰਜ ਬਲ ਬਣਨ ਤੱਕ ਅਗਵਾਈ ਕਰਨੀ ਪਵੇਗੀ।

# ਮਈ ਦੇ ਪਹਿਲੇ ਪੰਦਰਵਾੜੇ ਦੀਆਂ ਖੇਤੀ ਸਰਗਰਮੀਆਂ

ਡਾ. ਰਣਜੀਤ ਸਿੰਘ

ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ।

ਗਰਮੀਆਂ ਵਿਚ ਡੰਗਰਾਂ ਖਾਸ ਕਰਕੇ ਦੁਧਾਰੂ ਡੰਗਰਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ। ਗਰਮੀਆਂ ਵਿਚ ਦੁਧਾਰੂਆਂ ਦਾ ਦੁੱਧ ਘੱਟ ਜਾਂਦਾ ਹੈ। ਇਸ ਕਰਕੇ ਉਨ੍ਹਾਂ ਦੀ ਖ਼ੁਰਾਕ ਵਿਚ ਪ੍ਰੋਟੀਨ ਦੀ ਮਾਤਰਾ ਵੱਧ ਕਰ ਦੇਣੀ ਚਾਹੀਦੀ ਹੈ। ਹਰੇ ਚਾਰੇ ਦੇ ਨਾਲੋਂ ਨਾਲ ਵਧੀਆ ਫੀਡ ਵੀ ਪਾਈ ਜਾਵੇ। ਡੰਗਰਾਂ ਨੂੰ ਮੂੰਹ ਖੁਰ ਦੀ ਬਿਮਾਰੀ ਦਾ ਟੀਕਾ ਲਗਵਾਉਣਾ ਵੀ ਜ਼ਰੂਰੀ ਹੈ।



ਹਰੇ ਚਾਰੇ ਦੀ ਜੇਕਰ ਬਿਜਾਈ ਨਹੀਂ ਕੀਤੀ ਤਾਂ ਹੁਣ ਕਰ ਲੈਣੀ ਚਾਹੀਦੀ ਹੈ। ਕਣਕ ਦੇ ਵਿਹਲੇ ਹੋਏ ਟਿਊਬਵੈੱਲ ਦੇ ਲਾਗਲੇ ਖੇਤਾਂ ਵਿਚ ਇਹ ਬਿਜਾਈ ਕੀਤੀ ਜਾ ਸਕਦੀ ਹੈ। ਹੁਣ ਹਰੇ ਚਾਰੇ ਲਈ ਮੱਕੀ, ਚਰੀ ਤੇ ਬਾਜਰੇ ਦੀ ਬਿਜਾਈ ਹੋ ਸਕਦੀ ਹੈ। ਜੇਕਰ ਇਨ੍ਹਾਂ ਵਿਚ ਰਵਾਂਹ ਰਲਾ ਕੇ ਬੀਜੇ ਜਾਣ ਤਾਂ ਚਾਰਾ ਵਧੀਆ ਤੇ ਪੌਸ਼ਟਿਕ ਹੋ ਜਾਂਦਾ ਹੈ। ਮੱਕੀ ਦੀ ਜੇ 1006 ਸਿਫਾਰਸ਼ ਕੀਤੀ ਗਈ ਕਿਸਮ ਹੈ। ਇਸ ਦਾ 30 ਕਿਲੋ ਬੀਜ ਪ੍ਰਤੀ ਏਕੜ ਚਾਹੀਦਾ ਹੈ। ਚਰ੍ਹੀ ਲਈ ਐਸ ਐਲ-44 ਕਿਸਮ ਬੀਜੋ। ਇਸ ਦਾ 25 ਕਿਲੋ ਬੀਜ ਪ੍ਰਤੀ ਏਕੜ ਪਾਵੋ ਪੰਜਾਬ ਸੂਡੈਕਸ ਚਰ੍ਹੀ-4 ਅਤੇ ਪੰਜਾਬ ਸੂਡੈਕਸ ਚਰ੍ਹੀ-1 ਵੱਧ ਲੌਅ ਦੇਣ ਵਾਲੀਆਂ ਕਿਸਮਾਂ ਹਨ। ਇਨ੍ਹਾਂ ਦਾ 15 ਕਿਲੋ ਬੀਜ ਪ੍ਰਤੀ ਏਕੜ ਪਾਇਆ ਜਾਵੇ। ਪੀ ਐਚ ਬੀ ਐਫ-1, ਪੀ ਸੀ ਬੀ-164 ਤੇ ਐਫ ਬੀ ਸੀ-16 ਬਾਜਰੇ ਦੀਆਂ ਸਿਫਾਰਸ਼ ਕੀਤੀਆਂ ਕਿਸਮਾਂ ਹਨ। ਇਕ ਏਕੜ ਵਿਚ ਅੱਠ ਕਿਲੋ ਬੀਜ ਕਾਫੀ ਹੈ। ਬੀਜ ਨੂੰ ਬੀਜਣ ਤੋਂ ਪਹਿਲਾਂ ਐਗਰੋਜ਼ੀਮ 50 ਡਬਲਯੂ ਪੀ ਅਤੇ ਥੀਰਮ ਨਾਲ ਸੋਧ ਲਵੋ। ਇਕ ਕਿਲੋ ਬੀਜ ਲਈ ਤਿੰਨ ਤਿੰਨ ਗ੍ਰਾਮ ਜ਼ਹਿਰਾਂ ਚਾਹੀਦੀਆਂ ਹਨ। ਗਰਮੀ ਦਾ ਮੌਸਮ ਹੋਣ ਕਰਕੇ ਫਸਲ ਨੂੰ ਸਮੇਂ ਸਿਰ ਪਾਣੀ ਦਿੰਦੇ ਰਹਿਣਾ ਚਾਹੀਦਾ ਹੈ।

## ਮੱਕੀ ਦੀ ਬਿਜਾਈ

ਇਸ ਮਹੀਨੇ ਦੇ ਅਖੀਰ ਵਿਚ ਮੱਕੀ ਦੀ ਬਿਜਾਈ ਵੀ ਸ਼ੁਰੂ ਕੀਤੀ ਜਾ



ਸਕਦੀ ਹੈ। ਝੋਨੇ ਹੇਠ ਰਕਬਾ ਵੱਧਣ ਕਰਕੇ ਭਾਵੇਂ ਮੱਕੀ ਹੇਠ ਰਕਬਾ ਚੋਖਾ ਘੱਟ ਗਿਆ ਹੈ ਪਰ ਅਜੇ ਵੀ ਬਹੁਤ ਸਾਰੇ ਕਿਸਾਨ ਮੱਕੀ ਦੀ ਬਿਜਾਈ ਕਰਦੇ ਹਨ। ਪੀ. ਐਮ. ਐਚ-1, ਪੀ. ਐਮ. ਐਚ-17, ਪੀ. ਐਮ. ਐਚ-13, ਜੇਸੀ.-12 ਅਤੇ ਪੀ. ਐਮ. ਐਚ-11 ਮੱਕੀ ਦੀਆਂ ਉੱਨਤ ਕਿਸਮਾਂ ਹਨ। ਮੱਕੀ ਦੀ ਘੱਟ ਸਮੇਂ ਵਿਚ ਪੱਕਣ ਵਾਲੀ ਪੀ. ਐਮ. ਐਚ-2 ਕਿਸਮ ਹੈ। ਪੀ. ਐਮ. ਐਚ-17 ਸਭ ਤੋਂ ਵੱਧ 25 ਕੁਇੰਟਲ ਝਾੜ ਪ੍ਰਤੀ ਏਕੜ ਦਿੰਦੀ ਹੈ ਤੇ 96 ਦਿਨਾਂ ਵਿਚ ਪੱਕਦੀ ਹੈ।

ਮੱਕੀ ਲਈ ਜ਼ਮੀਨ ਚੰਗੀ ਤਰ੍ਹਾਂ ਤਿਆਰ ਕਰਨੀ ਚਾਹੀਦੀ ਹੈ। ਜ਼ਮੀਨ ਤਿਆਰ ਕਰਦੇ ਸਮੇਂ ਰੂੜੀ ਵਾਲੀ ਖਾਦ ਜ਼ਰੂਰ ਪਾਵੋ। ਜੇਕਰ ਕਣਕ ਦੀ ਵਾਢੀ ਪਿੱਛੋਂ ਸਬਜ਼-ਖਾਦ ਬੀਜੀ ਗਈ ਹੋਵੇ ਤਾਂ ਹੋਰ ਵੀ ਚੰਗਾ ਰਹਿੰਦਾ ਹੈ। ਦੂਜੀਆਂ ਖਾਦਾਂ ਮਿੱਟੀ ਪਰਖ ਦੀ ਰਿਪੋਰਟ ਅਨੁਸਾਰ ਪਾਵੋ। ਇਕ ਏਕੜ ਦੀ ਬਿਜਾਈ ਲਈ 8 ਕਿਲੋ ਬੀਜ ਵਰਤੋ। ਬੀਜ ਨੂੰ ਬੀਜਣ ਤੋਂ ਪਹਿਲਾਂ ਬਾਵਿਸਟਨ, ਡੇਰੋਸਨ ਜਾਂ ਐਗਰੋਜ਼ਿਮ ਜ਼ਹਿਰ ਨਾਲ ਸੋਧ (ਤਿੰਨ ਗ੍ਰਾਮ ਪ੍ਰਤੀ ਕਿਲੋ) ਲਵੋ। ਕੋਸ਼ਿਸ਼ ਕਰੋ ਕਿ ਬਿਜਾਈ ਡਰਿੱਲ ਨਾਲ ਕੀਤੀ ਜਾਵੇ। ਇਸ ਵਾਰ ਪੰਜਾਬ ਸਰਕਾਰ ਵੱਲੋਂ ਕੁੱਝ ਇਲਾਕਿਆਂ ਵਿਚ ਝੋਨੇ ਦੀ ਥਾਂ ਮੱਕੀ ਬੀਜਣ ਵਾਲੇ ਕਿਸਾਨਾਂ ਦੀ ਮਾਲੀ ਸਹਾਇਤਾ ਕਰਨ ਦਾ ਐਲਾਨ ਕੀਤਾ ਹੈ।

ਗਰਮੀ ਦਾ ਹੁਣ ਪੂਰਾ ਜੋਰ ਹੋ ਗਿਆ ਹੈ। ਇਸ ਕਰਕੇ ਕਿਸੇ ਵੀ ਫਸਲ ਨੂੰ ਸੋਕਾ ਨਹੀਂ ਲੱਗਣ ਦੇਣਾ ਚਾਹੀਦਾ। ਸਬਜ਼ੀਆਂ ਅਤੇ ਫਲਾਂ ਦੇ ਬੂਟਿਆਂ ਦਾ ਤਾਂ ਵਿਸ਼ੇਸ਼ ਧਿਆਨ ਰੱਖਣ ਦੀ ਲੋੜ ਹੈ। ਨਰਮੇ ਅਤੇ ਕਪਾਹ ਦੀ ਬਿਜਾਈ ਦਾ ਸਮਾਂ ਖਤਮ ਹੋ ਗਿਆ ਹੈ। ਜੇਕਰ ਅਜੇ ਬਿਜਾਈ ਰਹਿੰਦੀ ਹੈ ਤਾਂ ਉਸ ਵਿਚ ਹੋਰ ਦੇਰ ਨਹੀਂ ਕਰਨੀ ਚਾਹੀਦੀ।

ਕਮਾਦ ਵਿਚ ਨਦੀਨਾਂ ਨੂੰ ਹੋਣ ਨਾ ਦੇਵੋ। ਸਮੇਂ ਸਿਰ ਪਾਣੀ ਲਗਾਵੋ। ਬੂਟਿਆਂ ਦੀਆਂ ਲਾਈਨਾਂ ਵਿਚਕਾਰ ਪਰਾਲੀ ਵਿਛਾ ਦੇਵੋ, ਇਸ ਨਾਲ ਪਾਣੀ ਦੀ ਲੋੜ ਵੀ ਘੱਟ ਜਾਵੇਗੀ ਅਤੇ ਨਦੀਨਾਂ ਦੀ ਰੋਕਥਾਮ ਵੀ ਹੋ ਜਾਵੇਗੀ।

# ਨਿੰਬੂ ਜਾਤੀ ਦੇ ਬੂਟਿਆਂ ਵਿੱਚ ਸਿਟਰਸ ਸਿੱਲਾ ਦੀ ਰੋਕਥਾਮ ਅਤਿ ਜ਼ਰੂਰੀ

ਪਰਮਿੰਦਰ ਕੌਰ ਤੇ ਸਵਰੀਤ ਖਹਿਰਾ, ਪੀ. ਏ. ਯੂ., ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨ ਤਾਰਨ

ਪੰਜਾਬ ਦਾ ਵਾਤਾਵਰਨ ਨਿੰਬੂ ਜਾਤੀ ਦੇ ਬੂਟਿਆਂ ਲਈ ਬਹੁਤ ਹੀ ਅਨੁਕੂਲ ਹੈ। ਇਹ ਫਲ ਆਪਣੇ ਸੁਆਦ, ਖੁਸ਼ਬੂ ਅਤੇ ਪੋਸ਼ਣ ਤੱਤਾਂ ਲਈ ਜਾਣੇ ਜਾਂਦੇ ਹਨ। ਨਿੰਬੂ ਜਾਤੀ ਦੇ ਬੂਟਿਆਂ ਦੀ ਕਾਸ਼ਤ ਦੌਰਾਨ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ 'ਤੇ ਕਈ ਕਿਸਮ ਦੇ ਕੀੜੇ-ਮਕੌੜੇ ਅਤੇ ਬਿਮਾਰੀਆਂ ਦਾ ਹਮਲਾ ਹੁੰਦਾ ਹੈ, ਜੋ ਨਾ ਸਿਰਫ ਫਲਦਾਰ ਬੂਟਿਆਂ ਦੀ ਪੈਦਾਵਾਰ ਘਟਾਉਂਦੇ ਹਨ, ਸਗੋਂ ਫਲਾਂ ਦੀ ਗੁਣਵੱਤਾ ਅਤੇ ਮੰਡੀਕਰਨ 'ਤੇ ਵੀ ਬਹੁਤ ਮਾੜਾ ਅਸਰ ਪਾਉਂਦੇ ਹਨ। ਨਿੰਬੂ-ਜਾਤੀ ਦੇ ਬੂਟਿਆਂ 'ਤੇ ਕਈ ਕਿਸਮ ਦੇ ਰਸ-ਚੂਸਣ ਵਾਲੇ ਕੀੜੇ ਹਮਲਾ ਕਰਦੇ ਹਨ, ਜਿਨ੍ਹਾਂ ਵਿੱਚੋਂ ਸਿੱਲਾ ਸਭ ਤੋਂ ਜ਼ਿਆਦਾ ਖਤਰਨਾਕ ਕੀੜਾ ਹੈ, ਜਿਸ ਦੇ ਨੁਕਸਾਨ ਅਤੇ ਸਰਬਪੱਖੀ ਰੋਕਥਾਮ ਦਾ ਵੇਰਵਾ ਇਸ ਪ੍ਰਕਾਰ ਹੈ :-



### ਨੁਕਸਾਨ

ਸਿਟਰਸ ਸਿੱਲੇ ਦਾ ਹਮਲਾ ਪੂਰਾ ਸਾਲ ਹੁੰਦਾ ਰਹਿੰਦਾ ਹੈ, ਪਰ ਅੱਧ ਅਪ੍ਰੈਲ ਤੋਂ ਅੱਧ ਅਕਤੂਬਰ ਤੱਕ ਇਹ ਬਹੁਤ ਜ਼ਿਆਦਾ ਨੁਕਸਾਨ ਕਰਦਾ ਹੈ। ਇਹ ਭੂਰੇ ਰੰਗ ਦਾ ਕੀੜਾ ਪੱਤਿਆਂ ਦੇ ਹੇਠਾਂ ਖੰਭ ਇਕੱਠੇ ਕਰਕੇ ਅਤੇ ਪਿਛਲਾ ਹਿੱਸਾ ਉੱਪਰ ਚੁੱਕ ਕੇ ਬੈਠਦਾ ਹੈ। ਇਹ ਫੁੱਲ, ਡੋਡੀਆਂ, ਨਵੇਂ ਪੱਤੇ ਅਤੇ ਨਰਮ ਟਾਹਣੀਆਂ ਵਿੱਚੋਂ ਰਸ ਚੂਸਦਾ ਹੈ, ਜਿਸ ਦੇ ਨਤੀਜੇ ਵਜੋਂ ਪੱਤੇ ਹੇਠਾਂ ਨੂੰ ਮੁੜ ਜਾਂਦੇ ਹਨ। ਹਮਲੇ ਵਾਲੀਆਂ ਟਾਹਣੀਆਂ ਹੌਲੀ-ਹੌਲੀ ਸੁੱਕ ਜਾਂਦੀਆਂ ਹਨ, ਕਿਉਂਕਿ ਇਹ ਕੀੜਾ ਰਸ ਚੂਸਣ ਵੇਲੇ ਜ਼ਹਿਰੀਲਾ ਪਦਾਰਥ ਪੱਤਿਆਂ 'ਤੇ ਛੱਡਦਾ ਰਹਿੰਦਾ ਹੈ, ਜਿਸ ਕਰਕੇ ਪੱਤੇ ਚਿਪਚਿਪੇ ਲੱਗਦੇ ਹਨ ਅਤੇ ਉਨ੍ਹਾਂ 'ਤੇ ਕਾਲੇ ਰੰਗ ਦੀ ਉੱਲੀ ਜੰਮ ਜਾਂਦੀ ਹੈ। ਸਿੱਲੇ ਦੇ ਹਮਲੇ ਵਾਲੇ ਬਾਗਾਂ ਵਿੱਚ ਮੱਖੀਆਂ ਆਮ ਹੀ ਭਿਣਕਦੀਆਂ ਨਜ਼ਰ ਆਉਂਦੀਆਂ ਹਨ। ਰਸ ਚੂਸਣ ਕਰਕੇ ਇਹ ਕੀੜਾ ਬੂਟੇ ਨੂੰ ਕਮਜ਼ੋਰ ਕਰਨ ਦੇ ਨਾਲ-ਨਾਲ ਬਾਗਾਂ ਵਿੱਚ ਗਰੀਨਿੰਗ ਨਾਂਅ ਦਾ ਰੋਗ ਵੀ ਫੈਲਾਉਂਦਾ ਹੈ।

### ਰੋਕਥਾਮ

ਇਸ ਕੀੜੇ ਦੀ ਸੁਚੱਜੀ ਰੋਕਥਾਮ ਲਈ ਹੇਠ ਲਿਖੇ ਤਰੀਕੇ ਅਪਨਾਉਣੇ ਚਾਹੀਦੇ ਹਨ :

ਬਾਗਾਂ ਵਿੱਚ ਮਿੱਤਰ ਕੀੜੇ ਜਿਵੇਂ ਹਰੀ ਲੇਸਵਿੰਗ, ਲੇਡੀਬਰਡ ਬੀਟਲ, ਮੱਕੜੀ ਆਦਿ ਇਸ ਕੀੜੇ ਨੂੰ ਖਾਂਦੇ ਹਨ। ਇਨ੍ਹਾਂ ਲਾਭਕਾਰੀ ਕੀੜਿਆਂ ਦੀ ਗਿਣਤੀ ਵਧਾਉਣ ਨਾਲ ਸਿਟਰਸ ਸਿੱਲਾ ਕੀੜੇ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

ਇਨ੍ਹਾਂ ਕੀਟਨਾਸ਼ਕਾਂ ਦਾ ਸਮੇਂ ਸਿਰ ਛਿੜਕਾਅ ਕਰਕੇ ਵੀ ਰੋਕਥਾਮ ਕੀਤੀ ਜਾ ਸਕਦੀ ਹੈ :

160 ਗ੍ਰਾਮ ਐਕਟਾਰਾ / ਦੋਤਾਰਾ 25 ਡਬਲਿਯੂ. ਜੀ. (ਥਾਇਆਮੀਥਾਕਸਮ) ਜਾਂ 200 ਮਿਲੀਲੀਟਰ ਕਰੋਕੋਡਾਈਲ ਕੋਨਫੀਡੋਰ 17.8 ਐਸ. ਐਲ. (ਇਮੀਡਾਕਲੋਪਰਿਡ) ਜਾਂ 6.25 ਲੀਟਰ ਮੈਕ ਐਚ. ਐਮ. ਓ. (ਹਾਰਟੀਕਲਚਰ ਮਿਨਰਲ ਆਇਲ) ਨੂੰ 500 ਲੀਟਰ ਪਾਣੀ ਵਿੱਚ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਇਸ ਦੇ ਛਿੜਕਾਅ ਕਰਨ ਵੇਲੇ ਬਾਗ ਵਿੱਚ ਪਾਣੀ ਦੀ ਕਮੀ ਨਹੀਂ ਹੋਣੀ ਚਾਹੀਦੀ।

# ਟਮਾਟਰ ਦੀ ਫ਼ਸਲ ਨੂੰ ਕੀੜਿਆਂ ਦੇ ਹਮਲੇ ਤੋਂ ਬਚਾਓ ਤੇ ਪੂਰਾ ਝਾੜ ਪਾਓ

ਰਵਿੰਦਰ ਸਿੰਘ ਚੰਦੀ, ਕੀਟ ਵਿਗਿਆਨ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ

**ਟਮਾਟਰ ਦੀ ਫ਼ਸਲ 'ਤੇ ਕਈ ਪ੍ਰਕਾਰ ਦੇ ਕੀੜੇ ਹਮਲਾ ਕਰਦੇ ਹਨ ਅਤੇ ਕਾਫ਼ੀ ਨੁਕਸਾਨ ਕਰਦੇ ਹਨ। ਚੰਗੇ ਝਾੜ ਲਈ ਇਨ੍ਹਾਂ ਦੀ ਪਹਿਚਾਣ ਅਤੇ ਰੋਕਥਾਮ ਕਰਨਾ ਅਤਿ ਜ਼ਰੂਰੀ ਹੈ। ਟਮਾਟਰ ਦੇ ਮੁੱਖ ਕੀੜਿਆਂ ਦੇ ਹਮਲੇ ਦੀਆਂ ਨਿਸ਼ਾਨੀਆਂ ਅਤੇ ਰੋਕਥਾਮ ਦੇ ਤਰੀਕੇ ਹੇਠਾਂ ਦਿੱਤੇ ਗਏ ਹਨ।**

**1. ਫਲ ਦਾ ਗੜੂੰਆਂ :** ਇਹ ਟਮਾਟਰਾਂ 'ਤੇ ਪਾਇਆ ਜਾਣ ਵਾਲਾ ਹਾਨੀਕਾਰਕ ਕੀੜਾ ਹੈ, ਜੋ ਟਮਾਟਰ ਤੋਂ ਇਲਾਵਾ ਛੋਲੇ, ਨਰਮਾ, ਬਰਸੀਮ ਆਦਿ ਦਾ ਵੀ ਨੁਕਸਾਨ ਕਰਦਾ ਹੈ। ਸੁੰਡੀਆਂ ਪਹਿਲਾਂ ਪੱਤਿਆਂ ਨੂੰ ਖਾਂਦੀਆਂ ਹਨ ਅਤੇ ਬਾਅਦ ਵਿੱਚ ਇਹ ਸੁੰਡੀਆਂ ਵੱਡੀ ਅਵਸਥਾ ਵਿੱਚ ਫਲਾਂ ਵਿੱਚ ਮੋਰੀਆਂ ਕਰਕੇ ਉਨ੍ਹਾਂ ਦਾ ਨੁਕਸਾਨ ਕਰਦੀਆਂ ਹਨ। ਅਜਿਹੇ ਫਲ ਮੰਡੀਕਰਨ ਅਤੇ ਖਾਣ ਦੇ ਯੋਗ ਨਹੀਂ ਰਹਿੰਦੇ। ਇਸ ਨਾਲ ਝਾੜ ਦਾ ਵੀ ਕਾਫ਼ੀ ਨੁਕਸਾਨ ਹੋ ਜਾਂਦਾ ਹੈ।

**ਰੋਕਥਾਮ :** ★ ਕਾਣੇ ਫਲ ਤੋੜ ਕੇ ਜ਼ਮੀਨ ਵਿੱਚ ਦਬਾ ਦਿਉ।

★ ਇਸ ਦੀ ਰੋਕਥਾਮ ਲਈ 2 ਹਫਤੇ ਦੇ ਵਕਫੇ 'ਤੇ 3 ਛਿੜਕਾਅ ਫੁੱਲ ਪੈਣ ਸਮੇਂ ਕਰੋ। 60 ਮਿਲੀਲੀਟਰ ਕੋਰਾਜਨ 18.5 ਐਸ. ਸੀ. (ਕਲੋਰਐਂਟਰਾਨੀਲੀਪਰੋਲ) ਜਾਂ 30 ਮਿਲੀਲੀਟਰ ਫੇਮ 480 ਐਸ. ਐਲ. (ਫਲੂਬੈਂਡੀਆਮਾਈਡ) ਜਾਂ 200 ਮਿਲੀਲੀਟਰ ਇੰਡੋਕਸਾਕਾਰਬ 14.5 ਐਸ. ਸੀ. ਪ੍ਰਤੀ ਏਕੜ ਦੇ ਹਿਸਾਬ ਨਾਲ 100 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ।

★ ਛਿੜਕਾਅ ਤੋਂ ਪਹਿਲਾਂ ਮੰਡੀਕਰਨ ਯੋਗ ਤੇ ਪੱਕੇ ਹੋਏ ਫਲ ਤੋੜ



ਲਵੋ।

★ ਕੋਰਾਜਨ ਦੇ ਛਿੜਕਾਅ ਤੋਂ ਇੱਕ ਦਿਨ ਅਤੇ ਫੇਮ ਦੇ ਛਿੜਕਾਅ ਤੋਂ 3 ਦਿਨ ਉਡੀਕ ਦਾ ਸਮਾਂ ਰੱਖ ਕੇ ਫਲ ਤੋੜਨੇ ਚਾਹੀਦੇ ਹਨ।

**2. ਚੇਪਾ :** ਇਹ ਕੀੜਾ ਪੱਤਿਆਂ ਦਾ ਰਸ ਚੂਸਦਾ ਹੈ, ਜਿਸ ਕਾਰਨ ਬੂਟਿਆਂ ਦਾ ਵਾਧਾ ਰੁੱਕ ਜਾਂਦਾ ਹੈ ਅਤੇ ਉਹ ਕਮਜ਼ੋਰ ਰਹਿ ਜਾਂਦੇ ਹਨ। ਹਮਲੇ ਕਾਰਨ ਨਵੀਆਂ ਕਰੂੰਬਲਾਂ ਮੁਰਝਾਅ ਜਾਂਦੀਆਂ ਹਨ। ਖਾਲੀ ਥਾਵਾਂ, ਸੜਕਾਂ ਦੇ ਕਿਨਾਰਿਆਂ ਅਤੇ ਖਾਲਿਆਂ ਦੀਆਂ ਵੱਟਾਂ ਤੇ ਬੇਕਾਰ ਪਈ ਜ਼ਮੀਨ ਵਿੱਚੋਂ ਚੇਪੇ ਦੇ ਬਦਲਵੇਂ ਨਦੀਨਾਂ ਨੂੰ ਨਸ਼ਟ ਕਰੋ। ਨਾਈਟਰੋਜਨ ਖਾਦ ਸਿਫਾਰਿਸ਼ ਕੀਤੀ ਮਾਤਰਾ ਤੋਂ ਵੱਧ ਨਾ ਪਾਉ, ਕਿਉਂਕਿ ਜ਼ਿਆਦਾ ਖਾਦ ਪਾਉਣ ਨਾਲ ਚੇਪੇ ਦੇ ਹਮਲੇ ਵਿੱਚ ਵਾਧਾ ਹੁੰਦਾ ਹੈ।

**3. ਚਿੱਟੀ ਮੱਖੀ :** ਇਹ ਬਹੁ-ਫ਼ਸਲੀ ਕੀੜਾ ਹੈ, ਜੋ ਫ਼ਸਲਾਂ ਤੋਂ ਇਲਾਵਾ ਨਦੀਨਾਂ 'ਤੇ ਵੀ ਪਾਇਆ ਜਾਂਦਾ ਹੈ। ਚਿੱਟੀ ਮੱਖੀ ਦੇ ਬਾਲਗ ਅਤੇ ਬੱਚੇ ਪੱਤਿਆਂ ਦਾ ਰਸ ਚੂਸ ਕੇ ਨੁਕਸਾਨ ਕਰਦੇ ਹਨ। ਰਸ ਚੂਸਣ ਕਰਕੇ ਬੂਟੇ ਛੋਟੇ ਰਹਿ ਜਾਂਦੇ ਹਨ, ਜਿਸ ਨਾਲ ਝਾੜ 'ਤੇ ਵੀ ਕਾਫ਼ੀ ਮਾੜਾ ਅਸਰ ਪੈਂਦਾ ਹੈ। ਇਹ ਕੀੜਾ ਵਿਸ਼ਾਣੂ ਰੋਗ (ਪੱਤਾ ਮਰੋੜ ਵਿਸ਼ਾਣੂ) ਵੀ ਫੈਲਾਉਂਦਾ ਹੈ।

**ਰੋਕਥਾਮ :** ਇਸ ਦੀ ਰੋਕਥਾਮ ਲਈ 400 ਮਿਲੀਲੀਟਰ ਮੈਲਾਥਿਆਨ 50 ਈ. ਸੀ. ਪ੍ਰਤੀ ਏਕੜ ਦੇ ਹਿਸਾਬ ਨਾਲ 100 ਲੀਟਰ ਪਾਣੀ ਵਿੱਚ ਘੋਲ ਕੇ ਫਲ ਪੈਣ ਤੋਂ ਪਹਿਲਾਂ ਛਿੜਕੋ।

RNI Regd. No. PUNPUN00806 (42269/83)

ਖੇਤੀ ਅਤੇ ਖੇਤੀ ਸਹਾਇਕ ਧੰਦਿਆਂ ਦੀ ਆਧੁਨਿਕ ਜਾਣਕਾਰੀ ਨਾਲ ਭਰਪੂਰ



ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ
ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਖੇਤੀ ਦੁਨੀਆਂ
KHETI DUNIYAN
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001

ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com



# ਗਰਮੀਆਂ ਵਿੱਚ ਨਵੇਂ ਅਤੇ ਪੁਰਾਣੇ ਲੱਗੇ ਬਾਗਾਂ ਦੀ ਸੰਭਾਲ

ਗਰਮੀਆਂ ਵਿੱਚ ਨਵੇਂ ਅਤੇ ਪੁਰਾਣੇ ਲੱਗੇ ਬਾਗਾਂ ਦੀ ਸੰਭਾਲ ਕਰਨਾ ਬਹੁਤ ਜ਼ਰੂਰੀ ਹੈ। ਜੇਕਰ ਸੰਭਾਲ ਨਾ ਕੀਤੀ ਤਾਂ ਫਲਦਾਰ ਬੂਟਿਆਂ ਅਤੇ ਫਲਾਂ ਦਾ ਬਹੁਤ ਨੁਕਸਾਨ ਹੋ ਜਾਂਦਾ ਹੈ। ਗਰਮੀਆਂ ਵਿੱਚ ਫਲ ਫਟ ਜਾਂਦਾ ਹੈ ਅਤੇ ਉਹ ਮੰਡੀਕਰਨ ਦੇ ਯੋਗ ਨਹੀਂ ਰਹਿੰਦਾ, ਕੱਚਾ ਫਲ ਹੀ ਜ਼ਮੀਨ 'ਤੇ ਡਿੱਗ ਪੈਂਦਾ ਹੈ। ਫਲਦਾਰ ਬੂਟਿਆਂ ਦੇ ਪੱਤੇ ਸੜ ਜਾਂਦੇ ਹਨ, ਬੂਟਿਆਂ ਦੇ ਤਣੇ ਤੋਂ ਛਿਲਕਾ ਫਟ ਜਾਂਦਾ ਹੈ ਅਤੇ ਅੰਤ ਵਿੱਚ ਨਵੇਂ ਲੱਗੇ ਬੂਟੇ ਅਤੇ ਪਰਾਣੇ ਬੂਟੇ ਮਰ ਜਾਂਦੇ ਹਨ।

ਸਭ ਤੋਂ ਪਹਿਲਾਂ ਇਹ ਗੱਲ ਬਹੁਤ ਮਹੱਤਵਪੂਰਨ ਹੈ ਕਿ ਜਦੋਂ ਵੀ ਕੋਈ ਨਵਾਂ ਬਾਗ ਲਗਾਉਣਾ ਹੋਵੇ ਤਾਂ ਉਸ ਤੋਂ ਪਹਿਲਾਂ ਬਾਗ ਲਗਾਉਣ ਵਾਲੀ ਜਗ੍ਹਾ ਦੀ ਬਾਊਂਡਰੀ 'ਤੇ ਦੇਸੀ ਅੰਬ, ਜਾਮਨ, ਬਿਲ, ਕਰੌਂਦਾ, ਅਰਜਨ, ਸ਼ਹਿਤੂਤ ਆਦਿ ਦੇ ਬੂਟੇ ਲਗਾ ਦੇਣੇ ਚਾਹੀਦੇ ਹਨ, ਜਿਸ ਨਾਲ ਬਾਗ ਗਰਮ ਅਤੇ ਠੰਡੀਆਂ ਹਵਾਵਾਂ ਤੋਂ ਬਚ ਜਾਵੇਗਾ ਅਤੇ ਇਸ ਤੋਂ ਪ੍ਰਾਪਤ ਹੋਣ ਵਾਲੇ ਫਲ ਤੋਂ ਵੀ ਵੱਧ ਆਮਦਨ ਪ੍ਰਾਪਤ ਹੋ ਸਕੇਗੀ।

ਘਰੇਲੂ ਪੱਧਰ 'ਤੇ ਲਗਾਏ ਨਵੇਂ ਫਲਦਾਰ ਬੂਟਿਆਂ ਉੱਤੇ ਵੀ ਗਰਮੀ ਦਾ ਅਸਰ ਦਿਖਾਈ ਦਿੰਦਾ ਹੈ। ਸਭ ਤੋਂ ਵੱਧ ਉਨ੍ਹਾਂ ਬੂਟਿਆਂ ਤੇ ਅਸਰ ਹੁੰਦਾ ਹੈ, ਜਿਹੜੇ ਦੀਵਾਰਾਂ ਦੇ ਨੇੜੇ ਲੱਗੇ ਹੁੰਦੇ ਹਨ। ਨਿੰਬੂ ਜਾਤੀ ਦੇ ਬੂਟੇ, ਲੀਚੀ ਅਤੇ ਅੰਬ ਦੇ ਬੂਟੇ ਬਹੁਤ ਪ੍ਰਭਾਵਿਤ ਹੁੰਦੇ ਹਨ।

**ਫਲਦਾਰ ਬੂਟਿਆਂ ਨੂੰ ਗਰਮੀ ਦੇ ਕਹਿਰ ਤੋਂ ਬਚਾਅ ਲਈ ਹੇਠ ਲਿਖੇ ਅਨੁਸਾਰ ਉਪਰਾਲੇ ਕੀਤੇ ਜਾ ਸਕਦੇ ਹਨ :-**

ਨਵੇਂ ਲਗਾਏ ਫਲਦਾਰ ਬੂਟਿਆਂ ਨੂੰ ਗਰਮੀਆਂ ਵਿੱਚ ਇਕ ਹਫਤੇ ਵਿੱਚ ਦੋ ਵਾਰ ਪਾਣੀ ਦੇਣਾ ਚਾਹੀਦਾ ਹੈ ਅਤੇ ਪੁਰਾਣੇ ਲੱਗੇ ਬੂਟਿਆਂ ਨੂੰ 7 ਤੋਂ 10 ਦਿਨਾਂ ਬਾਦ ਪਾਣੀ ਦੇਣਾ ਚਾਹੀਦਾ ਹੈ ਪਰ ਆਲੂ ਬੁਖਾਰਾ, ਅੰਗੂਰ ਅਤੇ ਨਾਖ ਦੇ ਬੂਟਿਆਂ ਨੂੰ ਹਫਤੇ ਬਾਦ ਪਾਣੀ ਦੇਣਾ ਚਾਹੀਦਾ ਹੈ ਕਿਉਂਕਿ ਇਸ ਸਮੇਂ ਫਲਾਂ ਦੇ ਵਿਸਥਾਰ ਦਾ ਸਮਾਂ ਹੁੰਦਾ ਹੈ। ਨਿੰਬੂ, ਕਿੰਨੂ, ਅੰਬ, ਅਨਾਰ, ਬਿਲ ਆਦਿ ਦੇ ਫਲਦਾਰ ਬੂਟਿਆਂ ਨੂੰ ਜੇਕਰ ਜ਼ਿਆਦਾ ਗੈਪ ਬਾਦ ਪਾਣੀ ਜ਼ਿਆਦਾ ਦਿੱਤਾ ਜਾਂਦਾ ਹੈ ਤਾਂ ਫਲ ਫਟਣ ਦੀ ਸਮੱਸਿਆ ਜ਼ਿਆਦਾ ਆਉਂਦੀ ਹੈ। ਇਸ ਲਈ ਉਕਤ ਫਲਦਾਰ ਬੂਟਿਆਂ ਨੂੰ ਅਪਰੈਲ, ਮਈ, ਜੂਨ ਮਹੀਨਿਆਂ ਵਿੱਚ 7 ਤੋਂ 10 ਦਿਨਾਂ ਬਾਦ



ਡਾ. ਸਵਰਨ ਸਿੰਘ ਮਾਨ,
ਉਪ ਡਾਇਰੈਕਟਰ ਬਾਗਬਾਨੀ
(ਰਿਟਾਇਰਡ) ਪਟਿਆਲਾ।
ਮੋ : 75080-18903

ਪਾਣੀ ਲਗਾਤਾਰ ਦਿੰਦੇ ਰਹਿਣਾ ਚਾਹੀਦਾ ਹੈ। ਘਰੇਲੂ ਪੱਧਰ ਤੇ ਗਰਮੀ ਤੋਂ ਬਚਾਅ ਲਈ ਫਲਦਾਰ ਬੂਟੇ ਦੀਵਾਰ ਤੋਂ 10-12 ਫੁੱਟ ਦੂਰੀ ਤੇ ਲਾਉਣੇ ਚਾਹੀਦੇ ਹਨ, 50% ਗਰੀਨ ਸ਼ੈਡ ਨੈੱਟ ਦੀ ਵਰਤੋਂ ਕੀਤੀ ਜਾ ਸਕਦੀ ਹੈ ਅਤੇ ਸਵੇਰੇ ਸ਼ਾਮ ਪਾਣੀ ਦੀ ਸਪਰੇਅ ਕੀਤੀ ਜਾ ਸਕਦੀ ਹੈ।

ਨਵੇਂ ਅਤੇ ਪੁਰਾਣੇ ਲਗਾਏ ਫਲਦਾਰ ਬੂਟਿਆਂ ਦੇ ਤਣਿਆਂ ਨੂੰ ਗਰਮੀ ਤੋਂ ਬਚਾਅ ਲਈ ਦੋ ਫੁੱਟ ਤੱਕ ਸਫੈਦੀ ਕਰ ਦੇਣੀ ਚਾਹੀਦੀ ਹੈ। ਇਹ ਸਫੈਦੀ ਦਾ ਘੋਲ ਤਿਆਰ ਕਰਨ ਲਈ 2.5 ਕਿਲੋ ਕਲੀ, ½ ਕਿਲੋਗ੍ਰਾਮ ਸੁਰੇਸ਼ ਅਤੇ ½ ਕਿਲੋਗ੍ਰਾਮ ਨੀਲਾ ਥੋਥਾ 100 ਲਿਟਰ ਪਾਣੀ ਵਿੱਚ ਘੋਲ ਲੈਣਾ ਚਾਹੀਦਾ ਹੈ। ਇਹ ਘੋਲ ਪਲਾਸਟਿਕ ਜਾਂ ਮਿੱਟੀ ਦੇ ਬਰਤਨਾਂ ਵਿੱਚ ਅਲੱਗ-ਅਲੱਗ ਘੋਲ ਕੇ ਮਿਲਾ ਲੈਣਾ ਚਾਹੀਦਾ ਹੈ।

ਪੁਰਾਣੇ ਲਗਾਏ ਹੋਏ ਬਾਗਾਂ ਵਿੱਚ ਸਿੱਲ ਬਣਾਈ ਰੱਖਣ ਲਈ ਝੋਨੇ ਦੀ ਪਰਾਲੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਨਾਲ ਬਾਗ ਦਾ ਵਾਤਾਵਰਨ ਵੀ ਠੰਡਾ ਰਹੇਗਾ ਅਤੇ ਜ਼ਿਆਦਾ ਪਾਣੀ ਦੇਣ ਦੀ ਲੋੜ ਨਹੀਂ ਪਵੇਗੀ।

ਨਵੇਂ ਲਗਾਏ ਫਲਦਾਰ ਬੂਟਿਆਂ ਨੂੰ ਗਰਮੀ ਦੇ ਪ੍ਰਕੋਪ ਤੋਂ ਬਚਾਅ ਲਈ ਝੋਨੇ ਦੀ ਪਰਾਲੀ ਦਾ ਛੌਰਾ ਵੀ ਕੀਤਾ ਜਾ ਸਕਦਾ ਹੈ। ਨਵੇਂ ਲਗਾਏ ਬੂਟੇ ਜੇਕਰ ਟੇਡੇ ਹੋਣ ਲੱਗਦੇ ਹਨ ਤਾਂ ਸੋਟੀ ਦਾ ਸਹਾਰਾ ਵੀ ਦਿੱਤਾ ਜਾ ਸਕਦਾ ਹੈ। ਜੇਕਰ ਪਿਉਂਦ ਵਾਲੀ ਜਗ੍ਹਾਂ ਉੱਤੋਂ ਅਜੇ ਪਲਾਸਟਿਕ ਦੀ ਪੱਟੀ ਨਹੀਂ ਕੱਟੀ ਤਾਂ ਉਹ ਵੀ ਉਤਾਰ ਦੇਣੀ ਚਾਹੀਦੀ ਹੈ, ਨਹੀਂ ਦਾ ਬੂਟੇ ਦੇ ਤਣਾ ਘੁੱਟਿਆ ਜਾਵੇਗਾ ਅਤੇ ਤੇਜ਼ ਹਵਾ ਚੱਲਣ ਨਾਲ ਟੁੱਟ ਜਾਵੇਗਾ। ਨਵੇਂ ਲਗਾਏ ਬਾਗਾਂ ਵਿੱਚ ਬੂਟਿਆਂ ਦੇ ਵਿਚਕਾਰ ਪਈ ਖਾਲੀ ਜ਼ਮੀਨ ਵਿੱਚ ਸਬਜ਼ੀਆਂ, ਦਾਲਾਂ ਅਤੇ ਫੁੱਲ ਲਗਾਏ ਜਾ ਸਕਦੇ ਹਨ। ਪਰ ਇਹਨਾਂ ਵਿੱਚ ਝੋਨਾ, ਜਵਾਰ, ਬਾਜਰਾ, ਕਪਾਹ ਅਤੇ ਗੰਨਾ ਆਦਿ ਨਹੀਂ ਬੀਜਣੇ ਚਾਹੀਦੇ। ਇਸ ਤੋਂ ਬਿਨਾਂ ਵੇਲਾਂ ਵਾਲੀਆਂ ਸਬਜ਼ੀਆਂ ਲਾਉਣ ਤੋਂ ਵੀ ਪ੍ਰਹੇਜ਼ ਕਰਨਾ ਚਾਹੀਦਾ ਹੈ।

ਗਰਮੀ ਦੇ ਮਹੀਨਿਆਂ ਦੌਰਾਨ ਕੀੜੇ-ਮਕੌੜਿਆਂ ਦਾ ਹਮਲਾ ਵੀ ਬਹੁਤ ਜ਼ਿਆਦਾ ਹੁੰਦਾ ਹੈ। ਸੋ ਸਿਟਰਸ ਸਿੱਲਾ, ਸਿਟਰਸ ਲੀਫ ਮਾਈਨਰ, ਐਫਿਡ, ਲੀਫ ਫੋਲਡਰ ਤੋਂ ਬਚਾਅ ਲਈ 50 ਮਿਲੀਲਿਟਰ ਕੋਨਫੀਡੋਰ 17.8 ਐਸ ਐਲ ਜਾਂ 40 ਗ੍ਰਾਮ ਐਕਟਾਰਾ 100 ਲੀਟਰ ਪਾਣੀ ਵਿੱਚ ਘੋਲ ਕੇ ਹਰੇਕ ਮਹੀਨੇ ਇੱਕ ਸਪਰੇਅ ਕਰੋ। ਅੰਬ ਅਤੇ ਅੰਗੂਰਾਂ ਵਿੱਚ ਪਾਊਡਰੀ ਮਿਲਡਿਊ ਤੋਂ ਬਚਾਅ ਲਈ 50 ਮਿਲੀਲਿਟਰ ਕੈਰਾਥੀਨ ਜਾਂ ਬੈਲਾਟੋਨ 50 ਗ੍ਰਾਮ ਜਾਂ ਟੋਪਸ 10 ਈ ਸੀ 50 ਗ੍ਰਾਮ ਨੂੰ 100 ਲੀਟਰ ਪਾਣੀ ਵਿੱਚ ਘੋਲ ਕੇ ਸਪਰੇਅ ਕਰੋ। ਅੰਬ ਵਿੱਚ ਮੈਂਗੋ ਮਿਲੀਬੱਗ ਅਤੇ ਮੈਂਗੋ ਹਾਪਰ ਤੋਂ ਬਚਾਅ ਲਈ 50 ਮਿਲੀਲਿਟਰ ਕੋਨਫੀਡੋਰ 100 ਲੀਟਰ ਪਾਣੀ ਵਿੱਚ ਘੋਲ ਕੇ ਸਪਰੇਅ ਕਰੋ। ਆੜੂ ਦੇ ਐਫਿਡ ਤੋਂ ਬਚਾਅ ਲਈ ਰੋਗੋਰ 30 ਈ ਸੀ 160 ਮਿਲੀਲਿਟਰ ਜਾਂ ਮੈਲਾਥੀਅਨ 160 ਮਿਲੀਲਿਟਰ ਦਾ ਸਪਰੇਅ ਕਰੋ। 15 ਦਿਨਾਂ ਬਾਅਦ ਦੁਬਾਰਾ ਸਪਰੇਅ ਕਰੋ।

**ਹੋਰ ਵਧੇਰੇ ਜਾਣਕਾਰੀ ਲਈ ਬਾਗਬਾਨੀ ਵਿਭਾਗ ਪੰਜਾਬ ਦੇ ਅਧਿਕਾਰੀ ਜਾਂ ਪੀ. ਏ. ਯੂ. ਲੁਧਿਆਣਾ ਦੇ ਬਾਗਬਾਨੀ ਮਾਹਰਾਂ ਨਾਲ ਸੰਪਰਕ ਕਰ ਸਕਦੇ ਹੋ।**